ਆਜ਼ਾਦੀ ਤੋਂ ਬਾਅਦ ਦੇਸ਼ ਦੀ ਨਹੀਂ, ਪੰਜਾਬ-ਬੰਗਾਲ ਦੀ ਵੰਡ ਹੋਈ : ਮਨੀਸ਼ ਤਿਵਾੜੀ

ਕਿਹਾ, ਸੱਭ ਤੋਂ ਜ਼ਿਆਦਾ ਨੁਕਸਾਨ ਪੰਜਾਬ ਦਾ ਹੋਇਆ

ਰੋਜ਼ਾਨਾ ਸਪੋਕਸਮੈਨ ਨਾਲ ਗੱਲਬਾਤ ਕਰਦੇ ਹੋਏ ਕਾਂਗਰਸ ਆਗੂ ਮਨੀਸ਼ ਤਿਵਾੜੀ।

ਚੰਡੀਗੜ੍ਹ, 25 ਅਗੱਸਤ (ਸਸਸ): ਚੰਡੀਗੜ੍ਹ ਤੋਂ ਸੰਸਦ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਤਿਵਾੜੀ ਰੋਜ਼ਾਨਾ ਸਪੋਕਸਮੈਨ ਟੀ.ਵੀ. ਦੇ ਦਫ਼ਤਰ ਵਿਖੇ ਪਹੁੰਚੇ। ਉਨ੍ਹਾਂ ਨਾਲ ਸਪੋਕਸਮੈਨ ਟੀ.ਵੀ. ਚੈਨਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਨਿਮਰਤ ਕੌਰ ਵਲੋਂ ਵਿਸ਼ੇਸ਼ ਇੰਟਰਵਿਊ ਕੀਤੀ ਗਈ। ਇਸ ਗੱਲਬਾਤ ਦੌਰਾਨ ਕੀ–ਕੀ ਗੱਲਾਂ ਹੋਈਆਂ ਉਹ ਅਸੀਂ ਰੋਜ਼ਾਨਾ ਸਪੋਕਸਮੈਨ ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।

ਸਵਾਲ : ਤੁਸੀਂ ਚੰਡੀਗੜ੍ਹ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਸਾਡੇ ਦਫ਼ਤਰ ਵਿਖੇ ਆਉਣ ’ਚ ਬਹੁਤ ਸਮਾਂ ਲਗਾ ਦਿਤਾ, ਇਸ ਦਾ ਕੀ ਕਾਰਨ ਹੈ?

ਜਵਾਬ : ਤੁਹਾਡੇ ਨਾਲ ਅਤੇ ਤੁਹਾਡੇ ਪ੍ਰਵਾਰ ਨਾਲ ਮੇਰੀ ਬਹੁਤ ਗੂੜ੍ਹੀ ਸਾਂਝ ਰਹੀ ਹੈ, ਜੋ ਕਿ ਬਹੁਤ ਸਾਲ ਪੁਰਾਣੀ ਹੈ। ਮੈਂ ਵੈਸੇ ਹੀ ਇੰਟਰਵਿਊ ਦੇਣੀਆਂ ਬਹੁਤ ਘੱਟ ਕਰ ਦਿਤੀਆਂ ਹਨ। ਜਦੋਂ ਤੁਸੀਂ ਇਸ ਖੇਤਰ ਵਿਚ 12 ਤੋਂ 18 ਘੰਟਿਆਂ ਤਕ ਟੈਲੀਵਿਜ਼ਨ ਲਈ ਕੰਮ ਕਰ ਚੁੱਕੇ ਹੋਵੋ ਤਾਂ ਇਕ ਸਮਾਂ ਆਉਂਦਾ ਹੈ ਕਿ ਉਸ ਚੀਜ਼ ਨੂੰ ਘਟਾਉਣ ਦੀ ਲੋੜ ਹੁੰਦੀ ਹੈ। ਵੈਸੇ ਵੀ ਪਿਛਲੇ 12 ਵਰ੍ਹਿਆਂ ਤੋਂ ਜਦੋਂ ਦੀ ਕੇਂਦਰ ਵਿਚ ਭਾਜਪਾ ਦੀ ਸਰਕਾਰ ਆਈ ਹੈ, ਸਾਰੇ ਤਾਂ ਨਹੀਂ ਪਰ ਇਲੈਕਟਰਾਨਿਕ ਮੀਡੀਆ ਦਾ ਬਹੁਤ ਵੱਡਾ ਹਿੱਸਾ ਅਪਣਾ ਵਿਸ਼ਵਾਸ ਗੁਆ ਚੁੱਕਿਆ ਹੈ। ਜੋ ਟੈਲੀਵਿਜ਼ਨ ਦੇਖਣ ਦਾ ਸੁਆਦ ਅੱਜ ਤੋਂ 10–12 ਸਾਲ ਪਹਿਲਾਂ ਹੁੰਦਾ ਸੀ ਉਹ ਅੱਜ ਰਿਹਾ ਨਹੀਂ ਕਿਉਂਕਿ ਚਾਰੇ ਪਾਸੇ ਰੌਲਾ ਹੀ ਰੌਲਾ ਹੀ ਦਿਖਾਈ ਦਿੰਦਾ ਹੈ। ਪਹਿਲਾਂ ਤਾਂ ਕੋਈ ਚੱਜ ਦੀ ਗੱਲ ਕਰਦਾ ਹੀ ਨਹੀਂ ਅਤੇ ਜੇਕਰ ਕੋਈ ਚੱਜ ਦੀ ਗੱਲ ਕਰਦਾ ਵੀ ਹੈ ਤਾਂ ਟੀ.ਵੀ. ਚੈਨਲਾਂ ਵਾਲੀ ਉਸ ਗੱਲਬਾਤ ਨੂੰ ਲੋਕਾਂ ਤਕ ਪਹੁੰਚਾਉਣ ਵਿਚ ਦਿਲਚਸਪੀ ਨਹੀਂ ਦਿਖਾਉਂਦੇ।

ਸਵਾਲ : ਇਕ ਧੜਾ ਪੱਤਰਕਾਰਾਂ ਦਾ ਵੀ ਹੈ ਜੋ ਪੱਤਰਕਾਰ ਘੱਟ ਤੇ ਐਕਟਰ ਜ਼ਿਆਦਾ ਲਗਦੇ ਹਨ, ਕਦੇ ਡਿਬੇਟ ਦੇਖਣ ਦਾ ਸੁਆਦ ਆਉਂਦਾ ਸੀ ਪਰ ਅੱਜ ਨਹੀਂ?

ਜਵਾਬ : ਮੈਂ ਟੈਲੀਵਿਜ਼ਨ ਬਹੁਤ ਘੱਟ ਦੇਖਦਾ ਹਾਂ। ਸਾਡੇ ਦਫ਼ਤਰ ’ਚ ਟੀ.ਵੀ. ਲੱਗਾ ਹੋਇਆ ਹੈ, ਉਥੇ ਕਦੇ ਮੇਰੀ ਝਾਤੀ ਟੀ.ਵੀ. ’ਤੇ ਪੈ ਜਾਂਦੀ ਹੈ ਤਾਂ ਕਈ ਵਾਰ ਡਿਬੇਟ ਚਲਦੀ ਹੁੰਦੀ ਹੈ ਅਤੇ ਡਿਬੇਟ ਦੌਰਾਨ 8–10 ਬੰਦੇ ਬੈਠੇ ਹੁੰਦੇ ਹਨ। ਜਦੋਂ ਤੁਸੀਂ ਉਨ੍ਹਾਂ ਨੂੰ ਸੁਣਨ ਦੀ ਕੋਸ਼ਿਸ਼ ਕਰਦੇ ਹੋ ਤਾਂ ਕੁੱਝ ਸਮਝ ਨਹੀਂ ਆਉਂਦਾ ਕਿ ਕੌਣ ਕੀ ਕਹਿ ਰਿਹਾ ਹੈ। ਉਹ ਇਕ–ਦੂਜੇ ਨਾਲ ਗੱਲ ਕਰਨ ਦੀ ਬਜਾਏ ਇਕ–ਦੂਜੇ ’ਤੇ ਹਮਲੇ ਜ਼ਿਆਦਾ ਕਰਦੇ ਹਨ। ਇਸ ’ਤੇ ਬਹੁਤ ਹੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ। ਤੁਸੀਂ ਦੇਖਿਆ ਹੋਣਾ ਜਦੋਂ ਬੱਚਿਆਂ ਨੇ ਨੀਟ ਦੇ ਪੇਪਰ ਨੂੰ ਲੈ ਕੇ ਜਾਂ ਅਪਣੀਆਂ ਕੁੱਝ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਤਾਂ ਉਸ ਸਮੇਂ ਸਰਕਾਰ ਨੂੰ ਵੀ ਇੰਨੀਆਂ ਗਾਲ੍ਹਾਂ ਨਹੀਂ ਪਈਆਂ ਹੋਣਗੀਆਂ ਜਿੰਨੀਆਂ ਗੋਦੀ ਮੀਡੀਆ ਨੂੰ ਪਈਆਂ।

ਸਵਾਲ : ਮੈਂ ਹੈਰਾਨ ਹਾਂ ਜਦੋਂ ਅਸੀਂ ਕਵਰੇਜ ਕਰਨ ਲਈ ਦਿੱਲੀ ਗਏ ਤਾਂ ਅਸੀਂ ਇਕੱਲੇ ਸੈਟੇਲਾਈਟ ਟੀ.ਵੀ. ਵਾਲੇ ਸਾਂ ਜਿਨ੍ਹਾਂ ਨੂੰ ਅੰਦਰ ਜਾਣ ਦੀ ਆਗਿਆ ਮਿਲੀ, ਬਾਕੀ ਕੋਈ ਨਜ਼ਰ ਨਹੀਂ ਆਇਆ। ਜੇ ਚੌਥਾ ਥੰਮ ਹੀ ਕਮਜ਼ੋਰ ਹੋ ਗਿਆ ਤਾਂ ਕੀ ਬਣੇਗਾ?

ਜਵਾਬ: ਜਿਹੜੀ ਬੁਨਿਆਦੀ ਸਮੱਸਿਆ ਹੈ, ਉਸ ਬੁਨਿਆਦੀ ਸਮੱਸਿਆ ਦਾ ਸਾਹਮਣਾ ਕਰਨ ਲਈ ਕੋਈ ਵੀ ਤਿਆਰ ਨਹੀਂ ਹੈ, ਉਹ ਸਮੱਸਿਆ ਹੈ ਬਰਾਡਕਾਸਟਿੰਗ ਇੰਡਸਟਰੀ ਦੇ ਰੈਵੇਨਿਊ ਵਾਲੀ। ਜਦੋਂ ਮੈਂ ਇਨਫ਼ਰਮੇਸ਼ਨ ਬਰਾਡਕਾਸਟਿੰਗ ਮੰਤਰੀ ਸੀ ਉਸ ਸਮੇਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮੈਂ ਇਕ ਗੱਲ ਆਖੀ ਸੀ ਕਿ ਜੇਕਰ ਤੁਸੀਂ ਮੈਨੂੰ ਆਗਿਆ ਦਿਉ ਤਾਂ ਮੈਂ ਸਾਰੇ ਟੀ.ਵੀ. ਚੈਨਲਾਂ ਦੇ ਲਾਇਸੰਸ ਰੱਦ ਕਰ ਕੇ ਹਰ ਜ਼ੁਬਾਨ ਦੇ ਚਾਰ ਜਾਂ ਪੰਜ ਚੈਨਲ ਨਿਲਾਮ ਕਰ ਦਿੰਦਾ ਹਾਂ। ਉਹ ਮੈਨੂੰ ਪੁਛਣ ਲੱਗੇ ਇਹ ਕਰਨ ਦੀ ਕੀ ਜ਼ਰੂਰਤ ਹੈ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਟੈਲੀਵਿਜ਼ਨ ਦਾ ਸਾਰਾ ਰੈਵੇਨਿਊ ਮਾਡਲ ਇਸ਼ਤਿਹਾਰਾਂ ’ਤੇ ਨਿਰਭਰ ਕਰਦਾ ਹੈ ਸਬਸਕ੍ਰਿਪਸ਼ਨ ’ਤੇ ਨਹੀਂ। ਇਸ ਸਬੰਧੀ ਮੈਂ ਗਾਈਡਲਾਈਨਜ਼ ਵੀ ਬਣਾਈਆਂ। 25–30 ਹਜ਼ਾਰ ਕਰੋੜ ਰੁਪਏ ਦਾ ਇਸ਼ਤਿਹਾਰਾਂ ਦਾ ਕਾਰੋਬਾਰ ਹੁੰਦਾ ਹੈ ਜਦੋਂ ਉਹ 900 ਚੈਨਲਾਂ ਵਿਚ ਵੰਡਿਆ ਜਾਂਦਾ ਹੈ ਅਤੇ ਸਬਸਕ੍ਰਿਪਸ਼ਨ ਮਾਡਲ ਹੈ ਨਹੀਂ। ਫਿਰ ਜਿਸ ਤਰ੍ਹਾਂ ਸੈਨਸ਼ੇਸ਼ਲਿਜ਼ਮ ਟੈਲੀਵਿਜ਼ਨ ’ਤੇ ਦੇਖਦੇ ਹੋ ਇਹ ਸੱਭ ਇਸ ਦੇ ਕਾਰਨ ਹੈ। ਤੁਸੀਂ ਦੇਖਿਆ ਹੋਣਾ ਜਦੋਂ ਅਪਰੇਸ਼ਨ ਸਿੰਦੂਰ ਹੋਇਆ ਉਸ ਸਮੇਂ ਕਹਿੰਦੇ ਕਹਾਉਂਦੇ ਚੈਨਲਾਂ ਵਲੋਂ ਅਜਿਹੀ ਕਵਰੇਜ ਕੀਤੀ ਗਈ, ਜਿਸ ਨਾਲ ਸਾਰੇ ਦੇਸ਼ ਦਾ ਮਜ਼ਾਕ ਪੂਰੀ ਦੁਨੀਆਂ ’ਚ ਉਡਿਆ, ਕਿ ਲਾਹੌਰ ਦੀ ਬੰਦਰਗਾਹ ’ਤੇ ਕਬਜ਼ਾ ਕਰ ਲਿਆ। ਥੋੜ੍ਹੀ ਜਿਹੀ ਸਮਝ ਰੱਖਣ ਵਾਲਾ ਵਿਅਕਤੀ ਇਹ ਸਮਝ ਰਖਦਾ ਹੈ ਕਿ ਲਾਹੌਰ ਕੋਲ ਕੋਈ ਬੰਦਰਗਾਹ ਨਹੀਂ ਹੈ।

ਸਵਾਲ : ਬੜੀ ਵਾਰ ਦੇਖਿਆ ਹੈ ਕਿ ਜਦੋਂ ਡਿਬੇਟ ’ਚ ਵਿਦੇਸ਼ੀ ਮਾਹਰ ਆਏ ਹੁੰਦੇ ਹਨ ਤਾਂ ਉਹ ਨਾਮੀ ਇੰਗਲਿਸ਼ ਚੈਨਲਾਂ ਦੇ ਐਂਕਰਾਂ ਨੂੰ ਝਿੜਕ ਕੇ ਜਾਂਦੇ ਹਨ, ਕੀ ਇਹ ਡਿਬੇਟ ਦੀਆਂ ਗੱਲਾਂ ਨਹੀਂ ਨੀਤੀ ਦੀਆਂ ਗੱਲਾਂ ਹਨ, ਕਈ ਸਾਡੇ ਐਂਕਰ ਅਪਣੀ ਹੱਦ ਵੀ ਨਹੀਂ ਸਮਝਦੇ?

ਜਵਾਬ : ਰੈਵੇਨਿਊ ਦਾ ਪ੍ਰੈਸ਼ਰ ਇਨਾ ਜ਼ਿਆਦਾ ਰਹਿੰਦਾ ਹੈ ਕਿ ਜੇਕਰ ਤੁਸੀਂ ਰੇਟਿੰਗ ’ਚ ਪਹਿਲੇ–ਦੂਜੇ ਨੰਬਰ ’ਤੇ ਨਹੀਂ ਆਉਗੇ ਤਾਂ ਤੁਹਾਨੂੰ ਇਸ਼ਤਿਹਾਰ ਨਹੀਂ ਮਿਲਣਗੇ। ਜੇਕਰ ਤੁਹਾਨੂੰ ਇਸ਼ਤਿਹਾਰ ਨਹੀਂ ਮਿਲਣਗੇ ਤਾਂ ਤੁਸੀਂ ਚੈਨਲ ਚਲਾਉਗੇ ਕਿਵੇਂ, ਤਨਖ਼ਾਹਾਂ ਵੀ ਦੇਣੀਆਂ ਹਨ ਅਤੇ ਚੈਨਲਾਂ ਦੇ ਹੋਰ ਵੀ ਬਹੁਤ ਸਾਰੇ ਖ਼ਰਚੇ ਹਨ। ਮੀਡੀਆ ਵੀ ਇਕ ਵਪਾਰ ਹੈ ਅਤੇ ਇਹ ਵਪਾਰ ਦੇ ਹਿਸਾਬ ਨਾਲ ਹੀ ਚਲਦਾ ਹੈ।

ਸਵਾਲ : ਅਖ਼ਬਾਰਾਂ ਦਾ ਕਾਗ਼ਜ਼ ਕਾਫ਼ੀ ਮਹਿੰਗਾ ਹੋ ਗਿਆ ਹੈ, ਇਸ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ?

ਜਵਾਬ : ਜੇਕਰ ਅਸੀਂ ਪ੍ਰਿੰਟ ਮੀਡੀਏ ਦੀ ਗੱਲ ਕਰੀਏ ਤਾਂ ਜਿਵੇਂ ਤੁਹਾਡੇ ਅਖ਼ਬਾਰ ਕੱਢਣ ਦੀ ਕੀਮਤ 28 ਰੁਪਏ ਹੈ ਅਤੇ ਵੇਚੋ ਤੁਸੀਂ 3 ਰੁਪਏ ਵਿਚ ਤਾਂ ਉਹ 25 ਰੁਪਏ ਤਾਂ ਇਸ਼ਤਿਹਾਰਾਂ ਤੋਂ ਹੀ ਆਉਣਗੇ, ਕਿਸੇ ਹੋਰ ਪਾਸੇ ਤੋਂ ਨਹੀਂ ਆਉਣਗੇ। ਜਦੋਂ ਤਕ ਰੈਵੇਨਿਊ ਮਾਡਲ ਸਹੀ ਨਹੀਂ ਹੋਵੇਗਾ ਅਤੇ 60 : 40 ਦੀ ਰੇਸ਼ੋ ਨਹੀਂ ਬਣੇਗੀ ਕਿ 40 ਪ੍ਰਤੀਸ਼ਤ ਪੈਸਾ ਸਬਸਕ੍ਰਿਪਸ਼ਨ ਤੋਂ ਅਤੇ 60 ਫ਼ੀ ਸਦੀ ਪੈਸਾ ਇਸ਼ਤਿਹਾਰਾਂ ਤੋਂ ਆਵੇ। ਉਦੋਂ ਤਕ ਇਹ ਸਮੱਸਿਆ ਹੋਰ ਗੂੜ੍ਹੀ ਹੁੰਦੀ ਜਾ ਰਹੀ ਹੈ। 2012 ’ਚ ਜਦੋਂ ਸਾਰੀ ਟੈਲੀਵਿਜ਼ਨ ਇੰਡਸਟਰੀ ਐਨਾਲੌਗ ’ਤੇ ਚਲਦੀ ਸੀ ਅਤੇ ਉਸ ਨੂੰ ਅਸੀਂ ਡਿਜੀਟਾਈਜ਼ਡ ਕੀਤਾ। ਡਿਜੀਟਾਈਜ਼ਡ ਕਰਨ ਦਾ ਮਕਸਦ ਇਹ ਸੀ ਕਿ ਜਿਹੜੇ ਐਮਾਸੋਜ ਜਿਹੜੇ ਕੈਰੇਜ ਫ਼ੀਸ ਲੈਂਦੇ ਸੀ ਨਿਊਜ਼ ਚੈਨਲ ਚਲਾਉਣ ਦੀ ਕਿਉਂਕਿ ਨਿਊਜ਼ ਚੈਨਲ ਦੀ ਟੀ.ਆਰ.ਪੀ. ਇੰਟਰਟੇਨਮੈਂਟ ਚੈਨਲ ਨਾਲੋਂ ਘੱਟ ਹੁੰਦੀ ਹੈ ਅਤੇ ਉਹ ਨਿਊਜ਼ ਚੈਨਲਾਂ ਤੋਂ ਪੈਸੇ ਮੰਗਦੇ ਸਨ। ਅਸੀਂ ਬੈਂਡਬਿਟਥ ਵਧਾਉਣ ਲਈ ਡਿਜੀਟਾਈਜ਼ਡ ਕੀਤਾ ਸੀ ਤਾਂ ਜੋ ਕਿਸੇ ਤਰ੍ਹਾਂ ਨਿਊਜ਼ ਚੈਨਲ ਦੀ ਵਾਈਬਿਲਟੀ ਬਣ ਜਾਵੇ ਤਾਂ ਚੈਨਲ ਦਿਖਾਉਣ ਲਈ ਜਿਹੜਾ ਪੈਸਾ ਦੇਣਾ ਪੈਂਦਾ ਹੈ ਉਹ ਨਾ ਦੇਣਾ ਪਵੇ। ਪਰ ਜਦੋਂ ਇਕ ਵਾਰ ਆਦਤ ਵਿਗੜ ਜਾਂਦੀ ਹੈ ਉਹ ਠੀਕ ਨਹੀਂ ਹੁੰਦੀ। ਡਿਜੀਟਾਈਜ਼ੇਸ਼ਨ ਤਾਂ ਹੋ ਗਈ ਪਰ ਕੈਰੇਜ ਫ਼ੀਸ ਉਥੇ ਦੀ ਉਥੇ ਹੀ ਹੈ।

ਸਵਾਲ : ਕੇਂਦਰ ’ਚ ਜਿਹੜੀ ਵੀ ਸਰਕਾਰ ਆਈ, ਉਸ ਨੂੰ ਪੰਜਾਬ ਨਾਲ ਪਿਆਰ ਨਹੀਂ ਰਿਹਾ, ਪੰਜਾਬੀ ਵੀ ਹਨ ਤਾਂ ਦੇਸ਼ ਦਾ ਹੀ ਹਿੱਸਾ?

ਜਵਾਬ : ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਕਿ ਪੰਜਾਬ ਨਾਲ ਵਿਤਕਰਾ ਹੋਇਆ ਹੈ। ਜਦੋਂ ਦੇਸ਼ ਦੀ ਵੰਡ ਹੋਈ ਉਹ ਦੇਸ਼ ਦੀ ਵੰਡ ਨਹੀਂ ਹੋਈ ਸੀ ਸਗੋਂ ਦੋ ਸੂਬਿਆਂ ਦੀ ਵੰਡ ਹੋਈ ਸੀ। ਇਕ ਪੰਜਾਬ ਦੀ ਅਤੇ ਦੂਜੀ ਬੰਗਾਲ ਦੀ, ਬੰਗਾਲ ਦਾ ਨੁਕਸਾਨ ਘੱਟ ਹੋਇਆ ਕਿਉਂਕਿ ਉਥੇ ਮਹਾਤਮਾ ਗਾਂਧੀ ਨੇ ਡੇਰਾ ਲਿਆ ਸੀ। ਜਿਸ ਕਾਰਨ ਉਥੇ ਕਤਲੇਆਮ ਘੱਟ ਹੋਇਆ। ਪੰਜਾਬ ਵਿਚ ਮਾਰਚ 1947 ਤੋਂ ਲੈ ਕੇ ਨਵੰਬਰ 1947 ਤਕ ਪੇਸ਼ਾਵਰ ਤੋਂ ਲੈ ਕੇ ਦਿੱਲੀ ਤਕ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਇਕ–ਦੂਜੇ ਨੂੰ ਵੱਢ ਕੇ ਰੱਖ ਦਿਤਾ। ਉਸੇ ਸਮੇਂ ਹੀ ਭਾਰਤ ਦਾ ਸੰਵਿਧਾਨ ਲਿਖਿਆ ਜਾ ਰਿਹਾ ਸੀ ਜਿੰਨੇ ਸਰਹੱਦੀ ਸੂਬੇ ਸਨ ਜੰਮੂ–ਕਸ਼ਮੀਰ ਨੇ ਧਾਰਾ 370 ਲਈ, ਚਾਹੇ ਨਾਗਾਲੈਂਡ, ਚਾਹੇ ਮਨੀਪੁਰ ਸੀ, ਚਾਹੇ ਮਿਜ਼ੋਰਮ, ਅਸਾਮ ਸਾਰੇ ਸੂਬਿਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਪਰ ਪੰਜਾਬ ਦੇ ਕਿਸੇ ਵੀ ਆਗੂ ਨੇ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ ਸੀ, ਜੋ ਗੱਲ ਮੈਨੂੰ ਅੱਜ ਤਕ ਸਮਝ ਨਹੀਂ ਆਈ, ਪਰ ਵੰਡ ਸਮੇਂ ਸੱਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ ਸੀ। ਜੇਕਰ ਹੱਦਬੰਦੀ ਹੋਈ ਤਾਂ ਇਨਾ ਨੁਕਸਾਨ ਦੱਖਣ ਭਾਰਤ ਦਾ ਨਹੀਂ ਹੋਣਾ ਜਿੰਨਾ ਉਤਰ ਭਾਰਤ ਦਾ ਹੋਵੇਗਾ। ਹੁਣ ਵੀ ਜੰਮੂ–ਕਸ਼ਮੀਰ ਤੋਂ ਲੈ ਕੇ ਦਿੱਲੀ ਤਕ 40 ਐਮ.ਪੀ. ਬਣਦੇ ਹਨ ਜਦਕਿ ਉੱਤਰ ਪ੍ਰਦੇਸ਼ ਵਿਚ 80 ਐਮ .ਪੀ. ਹਨ। ਇਕੱਲਾ ਉੱਤਰ ਪ੍ਰਦੇਸ਼ ਪੂਰੇ ਉੱਤਰ ਭਾਰਤ ਨਾਲੋਂ ਜ਼ਿਆਦਾ ਵਜਨ ਰਖਦਾ ਹੈ ਲੋਕ ਸਭਾ ਵਿਚ। ਜੇਕਰ ਹੱਦਬੰਦੀ ਹੁੰਦੀ ਹੈ ਤਾਂ ਪੰਜਾਬ ਦੇ 19 ਐਮ ਪੀ ਹੋਣਗੇ ਜਦਕਿ ਉੱਤਰ ਪ੍ਰਦੇਸ਼ ਦੇ 120 ਐਮ ਪੀ। ਜਦਕਿ ਤਾਮਿਲਨਾਡੂ ਵਿਧਾਨ ਸਭਾ ਨੇ ਮਤਾ ਪਾਸ ਕਰ ਦਿਤਾ ਹੈ ਕਿ ਹੱਦਬੰਦੀ ਨਾ ਕਰਵਾਈ ਜਾਵੇ ਅਤੇ 543 ਐਮ.ਪੀ. ਹੀ ਰਹਿਣੇ ਚਾਹੀਦੇ ਹਨ ਜਦਕਿ ਪੰਜਾਬ ਅਤੇ ਜੰਮੂ–ਕਸ਼ਮੀਰ ਵਰਗੇ ਸੂਬੇ ਚੁੱਪ ਬੈਠੇ ਹਨ। ਪੰਜਾਬ 1967 ਤੋਂ ਬਾਅਦ ਸੰਭਲ ਹੀ ਨਹੀਂ ਸਕਿਆ ਪੰਜਾਬ ਦੇ ਗੰਭੀਰ ਮੁੱਦਿਆਂ ’ਤੇ ਗੰਭੀਰਤਾ ਨਾਲ ਗੌਰ ਕਰਨ ਦੀ ਜ਼ਰੂਰਤ ਹੈ। ਸਰਕਾਰ ਚਾਹੇ ਕਿਸੇ ਦੀ ਬਣ ਜਾਵੇ ਜਦੋਂ ਪੰਜਾਬ ਕੋਲ 5 ਫ਼ੀ ਸਦੀ ਬਜਟ ਹੈ, ਖ਼ਰਚਿਆਂ ਲਈ ਤਾਂ ਪੰਜਾਬ ਕਿਵੇਂ ਤਰੱਕੀ ਕਰੇਗਾ।

> ਪੰਜਾਬ ਵਿਚ ਮਾਰਚ 1947 ਤੋਂ ਲੈ ਕੇ ਨਵੰਬਰ 1947 ਤਕ ਪੇਸ਼ਾਵਰ ਤੋਂ ਲੈ ਕੇ ਦਿੱਲੀ ਤਕ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਇਕ-ਦੂਜੇ ਨੂੰ ਵੱਢ ਕੇ ਰੱਖ ਦਿਤਾ। ਉਸੇ ਸਮੇਂ ਹੀ ਭਾਰਤ ਦਾ ਸੰਵਿਧਾਨ ਲਿਖਿਆ ਜਾ ਰਿਹਾ ਸੀ ਜਿੰਨੇ ਸਰਹੱਦੀ ਸੂਬੇ ਸਨ ਜੰਮੂ-ਕਸ਼ਮੀਰ ਨੇ ਧਾਰਾ 370 ਲਈ, ਚਾਹੇ ਨਾਗਾਲੈਂਡ, ਚਾਹੇ ਮਨੀਪੁਰ ਸੀ, ਚਾਹੇ ਮਿਜ਼ੋਰਮ, ਅਸਾਮ ਸਾਰੇ ਸੂਬਿਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਪਰ ਪੰਜਾਬ ਦੇ ਕਿਸੇ ਵੀ ਆਗੂ ਨੇ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ ਸੀ, ਜੋ ਗੱਲ ਮੈਨੂੰ ਅੱਜ ਤਕ ਸਮਝ ਨਹੀਂ ਆਈ, ਪਰ ਵੰਡ ਸਮੇਂ ਸੱਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ ਸੀ।

ਸਵਾਲ : ਕੀ ਸਿਆਸਤ ’ਚ ਪਈ ਭ੍ਰਿਸ਼ਟਾਚਾਰ ਦੀ ਆਦਤ ਬਦਲ ਸਕਦੀ ਹੈ?

ਜਵਾਬ : ਜਿਥੋਂ ਤਕ ਅਸੀਂ ਪੰਚਾਇਤ ਰਾਜ ਅਦਾਰਿਆਂ ਦੀ ਗੱਲ ਕਰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਵਧੀਆ ਕ੍ਰਾਂਤੀ ਦੇਸ਼ ’ਚ ਹੋਰ ਨਹੀਂ ਹੋ ਸਕਦੀ ਸੀ, ਜਿਹੜੀ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਨੇ ਕੀਤੀ ਅਤੇ ਪੰਚਾਇਤੀ ਅਦਾਰਿਆਂ ਨੂੰ ਬਣਾਇਆ। ਇਸ ਨੂੰ ਸੰਵਿਧਾਨ ’ਚ ਪਾਇਆ ਕਿ ਹਰ ਪੰਜ ਸਾਲਾਂ ਬਾਅਦ ਇਨ੍ਹਾਂ ਦੀ ਚੋਣ ਹੋਵੇਗੀ। ਜੇਕਰ ਪੰਚਾਇਤੀ ਅਦਾਰਿਆਂ ਨੂੰ ਕਿਸੇ ਨੇ ਮਾਰਿਆ ਹੈ ਤਾਂ ਉਹ ਸੂਬਿਆਂ ਨੇ ਮਾਰਿਆ ਹੈ। ਜਿਹੜੇ ਅਧਿਕਾਰ ਸੰਵਿਧਾਨ ਦੇ ਤਹਿਤ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤਾਂ ਨੂੰ ਦੇਣੇ ਚਾਹੀਦੇ ਸਨ ਉਹ ਕਿਸੇ ਨੇ ਦਿਤੇ ਹੀ ਨਹੀਂ। ਜੇਕਰ ਪੰਚਾਇਤੀ ਰਾਜ ਤੋਂ ਕਿਸੇ ਨੂੰ ਸੱਭ ਤੋਂ ਵੱਧ ਖ਼ਤਰਾ ਹੁੰਦਾ ਹੈ, ਤਾਂ ਉਹ ਹੁੰਦਾ ਹੈ ਹਲਕੇ ਦੇ ਵਿਧਾਇਕ ਨੂੰ ਹੁੰਦਾ ਹੈ ਉਹ ਨਹੀਂ ਚਾਹੁੰਦਾ ਕਿ ਪੰਚਾਇਤੀ ਅਦਾਰਿਆਂ ਨੂੰ ਜ਼ਿਆਦਾ ਅਧਿਕਾਰ ਦਿਤੇ ਜਾਣ। ਜਿਹੜੇ ਸੂਬਿਆਂ ਨੇ ਪੰਚਾਇਤਾਂ ਨੂੰ ਕੰਮ ਕਰਨ ਦਾ ਅਧਿਕਾਰ ਦਿਤਾ ਹੈ ਉਥੇ ਪੰਚਾਇਤੀ ਰਾਜ ਬਹੁਤ ਵਧੀਆ ਚਲ ਰਿਹਾ ਜਿਵੇਂ ਕਿ ਕੇਰਲ ਦਾ ਪੰਚਾਇਤੀ ਮਾਡਲ ਬਹੁਤ ਵਧੀਆ ਹੈ।

ਸਵਾਲ : ਪੰਜਾਬ ਦੇ ਪਿੰਡ ਦੂਜੇ ਸੂਬਿਆਂ ਨਾਲੋਂ ਬਿਹਤਰ ਹਨ, ਸਮੱਸਿਆ ਸਾਡੇ ਕਿਰਦਾਰਾਂ ਵਿਚ ਹੈ ਜਾਂ ਪ੍ਰਬੰਧਾਂ ਵਿਚ?

ਜਵਾਬ : ਸਮੱਸਿਆ ਦੋਵੇਂ ਪਾਸੇ ਹੈ ਅਤੇ ਇਨ੍ਹਾਂ ਦੀ ਸ਼ਕਤੀਕਰਨ ਦੀ ਜ਼ਰੂਰਤ ਹੈ। ਯੂ.ਐਨ. ਵੂਮੈਨ ਸ਼ੀ ਲੀਟਸ ਵਲੋਂ ਕਾਨਫ਼ਰੰਸ ਕੀਤੀ ਗਈ। ਉਸ ਵਲੋਂ ਚੁਣੀਆਂ ਗਈਆਂ ਮਹਿਲਾਵਾਂ ਜਿਨ੍ਹਾਂ ਵਿਚ ਸਰਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੀ ਮੋਹਾਲੀ ਵਿਚ ਦੋ ਦਿਨਾਂ ਵਰਕਸ਼ਾਪ ਲਗਾਈ। ਉਸ ਵਰਕਸ਼ਾਪ ਵਿਚ ਮੈਂ ਵੀ ਗਿਆ ਅਤੇ ਮੈਂ ਉਨ੍ਹਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਵਿਚ ਬਹੁਤ ਸਾਰੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਸਨ ਜਿਹੜੀਆਂ ਸਰਪੰਚ ਵਜੋਂ, ਬਲਾਕ ਸੰਮਤੀ ਮੈਂਬਰ ਜਾਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵਜੋਂ ਕੰਮ ਕਰ ਰਹੀਆਂ ਹਨ। ਉਹ ਦਸ ਰਹੀਆਂ ਸਨ ਕਿ ਉਨ੍ਹਾਂ ਨੂੰ ਕੰਮ ਕਰਨਾ ਕਿੰਨਾ ਮੁਸ਼ਕਲ ਹੈ। ਪਰ ਇਨ੍ਹਾਂ ਅਦਾਰਿਆਂ ਨੂੰ ਮਜ਼ਬੂਤ ਕਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਐਵੋਲਿਊਸ਼ਨ ਦਾ ਪ੍ਰੋਸੈਸ ਹੈ।

ਸਵਾਲ : ਮੈਂ ਜਿੰਨੀ ਥਾਂ ’ਤੇ ਵੀ ਮਹਿਲਾ ਸਰਪੰਚਾਂ ਨੂੰ ਮਿਲੀ, ਉਨ੍ਹਾਂ ਵਿਚੋਂ ਮੈਨੂੰ ਇਕ-ਦੋ ਹੀ ਅਸਲ ਸਰਪੰਚ ਮਿਲੀਆਂ, ਜ਼ਿਆਦਾ ਥਾਵਾਂ ’ਤੇ ਮਰਦ ਹੀ ਸਰਪੰਚੀ ਕਰਦੇ ਹਨ?

ਜਵਾਬ : ਮੈਂ ਤੁਹਾਨੂੰ ਇਕ ਗੱਲ ਸੁਣਾਉਂਦਾ ਹਾਂ ਜਦੋਂ ਮੈਂ ਪਹਿਲੀ ਵਾਰ ਲੁਧਿਆਣਾ ਤੋਂ ਚੋਣ ਲੜਿਆ ਤਾਂ ਉਥੇ ਮਿਉਂਸਪਲ ਕਾਰਪੋਰੇਸ਼ਨ ਦੀ ਮੀਟਿੰਗ ਦੇਖਣ ਲਈ ਚਲਾ ਗਿਆ। ਉਥੇ ਸਾਰੇ ਹੀ ਬੰਦੇ ਮੌਜੂਦ ਸਨ ਮਹਿਲਾ ਕੋਈ ਵੀ ਨਹੀਂ ਸੀ, ਮੈਂ ਕਾਰਪੋਰੇਸ਼ਨ ਦੇ ਕਮਿਸ਼ਨਰ ਨੂੰ ਬੁਲਾਇਆ ਅਤੇ ਪੁਛਿਆ ਕਿ ਮਹਿਲਾਵਾਂ ਕਿਥੇ ਹਨ? ਮੈਂ ਉਨ੍ਹਾਂ ਨੂੰ ਕਿਹਾ ਮਹਿਲਾਵਾਂ ਲਈ 33 ਫ਼ੀ ਸਦੀ ਰਾਖਵਾਂਕਰਨ ਹੈ ਜਦਕਿ ਮੀਟਿੰਗ ਵਿਚ 3–4 ਔਰਤਾਂ ਹੀ ਸ਼ਾਮਲ ਸਨ। ਮੈਂ ਉਨ੍ਹਾਂ ਨੂੰ ਕਿਹਾ ਇਸ ਤਰ੍ਹਾਂ ਨਹੀਂ ਚਲੇਗਾ ਅਤੇ ਅਗਲੀ ਮੀਟਿੰਗ ਵਿਚ ਚੁਣਿਆ ਹੋਇਆ ਨੁਮਾਇੰਦਾ ਹੀ ਹੋਵੇਗਾ ਅਤੇ ਇਸ ਨਿਯਮ ਨੂੰ ਲਾਗੂ ਕੀਤਾ ਗਿਆ। ਜਦੋਂ ਮੈਂ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਬਣਿਆ ਉਸ ਸਮੇਂ ਜ਼ਿਲ੍ਹੇ ’ਚ ਵਧੀਆ ਕੰਮ ਕਰਨ ਵਾਲੀਆਂ ਜ਼ਿਆਦਾਤਰ ਸਰਪੰਚ ਮਹਿਲਾਵਾਂ ਸਨ। ਇਸ ਪ੍ਰਕਿਰਿਆ ਨੂੰ ਤੋੜਨ ਲਈ ਮਹਿਲਾਵਾਂ ਨੂੰ ਤਾਕਤਵਰ ਹੋਣਾ ਪਵੇਗਾ।

ਸਵਾਲ : ਪੰਜਾਬ ਦੀ ਬਿਹਤਰ ਲਈ ਕੌਣ ਸੋਚੇਗਾ ਅਤੇ ਪੰਜਾਬ ਦੀ ਤਰੱਕੀ ਲਈ ਇਹ ਚੀਜ਼ਾਂ ਕਿਥੋਂ ਆਉਣਗੀਆਂ?

ਜਵਾਬ : 1966 ਵਿਚ ਪੰਜਾਬੀ ਸੂਬਾ ਤਾਂ ਬਣ ਗਿਆ। ਜੇਕਰ ਤੁਸੀਂ ਸੂਬਿਆਂ ਸਿਰ ਚੜ੍ਹੇ ਕਰਜ਼ਿਆਂ ਦੀ ਰੇਸ਼ੋ ਦੇਖੋ ਤਾਂ ਪੰਜਾਬ ਦੂਜੇ ਨੰਬਰ ’ਤੇ। ਪੰਜਾਬ ਸਿਰ 4 ਲੱਖ 47 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ 31 ਮਾਰਚ 2027 ਤਕ ਹੋ ਜਾਵੇਗਾ। ਹਿਮਾਚਲ ਪ੍ਰਦੇਸ਼ ਤੀਜੇ ਨੰਬਰ ਹੈ ਜਦਕਿ ਹਰਿਆਣਾ ਥੋੜ੍ਹਾ ਠੀਕ ਹੈ ਗੁਰੂਗ੍ਰਾਮ ਅਤੇ ਫ਼ਰੀਦਾਬਾਦ ਕਰਕੇ। ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਬਣ ਗਿਆ ਜਿਹੜਾ ਪੰਜਾਬ ਦੀ ਰਾਜਧਾਨੀ ਹੈ । ਜਿੰਨਾ ਪੈਸਾ ਚੰਡੀਗੜ੍ਹ ਨੂੰ ਕੇਂਦਰ ਸਰਕਾਰ ਵਲੋਂ ਆਉਂਦਾ ਹੈ ਇਥੇ ਕੋਈ ਸਮੱਸਿਆ ਨਹੀਂ ਰਹਿਣੀ ਚਾਹੀਦੀ ਸੀ, ਪਰ ਇਥੇ ਆ ਕੇ ਪਤਾ ਲੱਗਾ ਕਿ ਇਥੇ ਸਮੱਸਿਆ ਹੀ ਸਮੱਸਿਆ ਹੈ। ਜਦੋਂ ਪੰਜਾਬ ’ਚੋਂ ਅਤਿਵਾਦ ਦਾ ਦੌਰ ਖ਼ਤਮ ਹੋਇਆ ਉਸ ਸਮੇਂ ਪੰਜਾਬ ਸਰਕਾਰ ਸਿਰਫ਼ 19000 ਕਰੋੜ ਰੁਪਏ ਦਾ ਕਰਜ਼ਾ ਸੀ। ਉਸ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਬਣੀਆਂ ਕਿਸੇ ਨੇ ਵੀ ਕਰਜ਼ਾ ਲੈਣ ’ਚ ਕੋਈ ਕਸਰ ਨਹੀਂ ਛੱਡੀ ਅਤੇ ਕਰਜ਼ਾ ਵਧਦਾ ਗਿਆ। ਪੰਜਾਬ ਦਾ 95 ਫ਼ੀ ਸਦੀ ਪੈਸਾ ਕਰਜ਼ੇ ਵਿਆਜ ਦੇਣ ਜਾਂ ਤਨਖ਼ਾਹਾਂ ਦੇਣ ’ਤੇ ਖ਼ਰਚ ਹੁੰਦਾ ਅਤੇ ਇਸ ਸਬੰਧੀ ਕੋਈ ਵੀ ਗੱਲ ਕਰਨ ਲਈ ਤਿਆਰ ਨਹੀਂ ਹੈ। ਜਦੋਂ ਪੰਜਾਬ ਕੋਲ ਪੈਸਾ ਹੀ ਨਹੀਂ ਹੋਵੇਗਾ ਤਾਂ ਪੰਜਾਬ ਦੀ ਹਾਲਤ ਕਿਸ ਤਰ੍ਹਾਂ ਸੁਧਰੇਗੀ ਸਰਕਾਰ ਭਾਵੇਂ ਕਿਸੇ ਦੀ ਹੋਵੇਗੀ।

ਸਵਾਲ : ਕੀ ਕੇਂਦਰ ਸਰਕਾਰ ’ਚ ਅਜਿਹੀ ਕੋਈ ਨੀਤੀ ਹੈ ਜੋ ਹਮੇਸ਼ਾ ਹੀ ਪੰਜਾਬ ਵਿਰੁਧ ਚਲਦੀ ਹੈ?

ਜਵਾਬ : ਅੱਜ ਜਿਸ ਖਾਈ ਵਿਚ ਪੰਜਾਬ ਵਿਚ ਡਿੱਗ ਚੁੱਕਿਆ ਹੈ ਉਸ ਵਿਚੋਂ ਪੰਜਾਬ ਨੂੰ ਕੱਢਣ ਲਈ ਸਾਰਿਆਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਹੈ। ਸਾਰਿਆਂ ਦੇ ਇਕਜੁਟ ਹੋਇਆ ਬਿਨਾਂ ਗੱਲ ਨਹੀਂ ਬਣਨੀ। ਸਾਰੀਆਂ ਸਿਆਸੀ ਧਿਰਾਂ ਨੂੰ ਅਪਣੀ ਸਿਆਸਤ ਤੋਂ ਉਪਰ ਉਠ ਕੇ ਪੰਜਾਬ ਦੇ ਗੰਭੀਰ ਮੁੱਦੇ ਕੇਂਦਰ ਸਰਕਾਰ ਅੱਗੇ ਰੱਖਣੇ ਚਾਹੀਦੇ ਹਨ।

ਸਵਾਲ : ਨੀਯਤ ਗ਼ਲਤ ਨਹੀਂ ਸਾਡੀ ਆਵਾਜ਼ ਕਮਜ਼ੋਰ ਹੈ, ਸਿਆਸੀ ਆਗੂਆਂ ਨੇ ਹਮੇਸ਼ਾ ਹੀ ਅਪਣੇ ਲਈ ਕੁਰਸੀਆਂ ਮੰਗੀਆਂ, ਪੰਜਾਬ ਦੇ ਹੱਕ ਨਹੀਂ ਮੰਗੇ?

ਜਵਾਬ : ਜੇਕਰ ਅੱਜ ਤਕ ਕੇਂਦਰ ਸਰਕਾਰ ਦੇ ਕਿਸੇ ਨੇ ਗੋਡੇ ਲਗਵਾਏ ਹਨ ਤਾਂ ਉਹ ਸਿਰਫ਼ ਪੰਜਾਬ ਦੇ ਕਿਸਾਨਾਂ ਨੇ ਹੀ ਲਗਵਾਏ ਹਨ। ਜਿਵੇਂ ਕਿਸਾਨਾਂ ਨੇ ਕਰੋਨਾ ਮਹਾਂਮਾਰੀ ਦੀ ਪ੍ਰਵਾਹ ਨਾ ਕਰਦੇ ਹੋਏ ਅਪਣਾ ਸੰਘਰਸ਼ ਜਾਰੀ ਰਖਿਆ ਅਤੇ ਅਪਣੇ ਹੱਕਾਂ ਦੀ ਰਾਖੀ ਕੀਤੀ। ਪੰਜਾਬ ਦੇ ਸਿਆਸਤਦਾਨਾਂ ਨੂੰ ਕਿਸਾਨੀ ਸੰਘਰਸ਼ ਤੋਂ ਸਿਖਿਆ ਲੈਂਦੇ ਹੋਏ ਪੰਜਾਬ ਦੇ ਹੱਕਾਂ ਦੀ ਗੱਲ ਕਰਨੀ ਚਾਹੀਦੀ ਹੈ। ਪੰਜਾਬ ਦੇ ਸਿਆਸੀ ਆਗੂਆਂ ਨੂੰ ਕੇਂਦਰ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਪੰਜਾਬ ਨਾਲ ਇਤਿਹਾਸਕ ਵਿਤਕਰਾ ਹੋਇਆ ਹੈ ਅਤੇ ਇਸ ਇਤਿਹਾਸਕ ਵਿਤਕਰੇ ਨੂੰ ਠੀਕ ਕਰਨ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਦੀ ਹੈ।

ਸਵਾਲ : ਕੀ ਜੈੱਨ ਜ਼ੀ ਦੇਸ਼ ਦੇ ਆਗੂਆਂ ਨੂੰ ਸਹੀ ਰਸਤੇ ’ਤੇ ਪਾ ਸਕਦੀ ਹੈ?

ਜਵਾਬ : ਉਹ ਇਸ ਲਈ ਸੜਕਾਂ ’ਤੇ ਆਏ ਕਿਉਂਕਿ ਉਨ੍ਹਾਂ ਅਤੇ ਉਨ੍ਹਾਂ ਦੀਆਂ ਨੌਕਰੀਆਂ ’ਚ ਬਹੁਤ ਵੱਡੀ ਤਰੇੜ ਆ ਗਈ ਹੈ ਕਿਉਂਕਿ ਵਿਦਿਆਰਥੀ ਡਿਗਰੀਆਂ ਤਾਂ ਹਾਸਲ ਕਰ ਲੈਂਦੇ ਹਨ ਪਰ ਉਨ੍ਹਾਂ ਨੂੰ ਉਸ ਡਿਗਰੀ ਦੇ ਆਧਾਰ ’ਤੇ ਨੌਕਰੀ ਨਹੀਂ ਮਿਲਦੀ। ਜਦੋਂ ਦੇਸ਼ ਦੇ ਨੌਜਵਾਨ ਹੰਭਲਾ ਮਾਰਦੇ ਹਨ ਤਾਂ ਦੇਸ਼ ਨਵੀਂ ਦਿਸ਼ਾ ਵਲ ਜ਼ਰੂਰ ਜਾਂਦਾ ਹੈ। ਜਿਹੜੇ ਵਿਦਿਆਰਥੀ ਸੜਕਾਂ ’ਤੇ ਆਏ ਹਨ ਉਹ ਠੀਕ ਹੀ ਸੜਕਾਂ ’ਤੇ ਆਏ ਹਨ ਅਤੇ ਉਹ ਅਪਣੇ ਭਵਿੱਖ ਨੂੰ ਬਚਾਉਣ ਲਈ ਸੜਕਾਂ ’ਤੇ ਆਏ ਹਨ। ਵਿਦਿਆਰਥੀਆਂ ਦੇ ਸੜਕਾਂ ’ਤੇ ਆਉਣ ਬਾਰੇ ਸਾਨੂੰ ਸੋਚਣਾ ਚਾਹੀਦਾ ਹੈ।

ਪੰਜਾਬ ਅਤੇ ਦੇਸ਼ ਵਿਦੇਸ਼ ਦੀਆਂ ਪੂਰੀ ਖ਼ਬਰ ਦੇਖਣ ਲਈ
‘ਸਪੋਕਸਮੈਨ ਵੈੱਬ ਟੀਵੀ’ ਨਾਲ ਜੁੜੋ।
/rozanaspokesmanofficial
/rozanaspokesman
/rozanaspokesmantv
/rozanaspokesman
ਰੋਜ਼ਾਨਾ ਸਪੋਕਸਮੈਨ

ਡੋਭਾਲ ਨੇ ਚੀਨੀ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਅਗਲੇ ਮਹੀਨੇ ਭਾਰਤ ਆਉਣ ਦੀ ਸੰਭਾਵਨਾ

ਚੀਨ ਦੇ ਉਪ ਰਾਸ਼ਟਰਪਤੀ ਹਾਨ ਜ਼ੇਂਗ ਨਾਲ ਮੁਲਾਕਾਤ ਦੌਰਾਨ ਅਜੀਤ ਡੋਭਾਲ।

ਬੀਜਿੰਗ, 25 ਅਗੱਸਤ : ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਮੰਗਲਵਾਰ ਨੂੰ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਭਾਰਤ–ਚੀਨ ਸਰਹੱਦੀ ਵਿਵਾਦ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਬਿਹਤਰ ਬਣਾਉਣ ’ਤੇ ਚਰਚਾ ਕਰਨ ਲਈ ਵਿਸ਼ੇਸ਼ ਪ੍ਰਤੀਨਿਧੀ ਪੱਧਰ ਦੀ ਗੱਲਬਾਤ ਕੀਤੀ। ਇਹ ਮੁਲਾਕਾਤ ਇਸ ਲਈ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ 12–13 ਸਤੰਬਰ ਨੂੰ ਬ੍ਰਿਕਸ ਸੰਮੇਲਨ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਭਾਰਤ ਆਉਣ ਦੀ ਸੰਭਾਵਨਾ ਹੈ। ਇਹ ਗੱਲਬਾਤ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਸਰਹੱਦ ਅਤੇ ਅਰੁਣਾਚਲ ਪ੍ਰਦੇਸ਼ ਨੂੰ ਲੈ ਕੇ ਮਤਭੇਦ, ਭਾਰਤ–ਚੀਨ ਦੁਵੱਲੇ ਸਬੰਧਾਂ ਵਿਚ ਪ੍ਰਮੁੱਖ ਹਨ। ਡੋਭਾਲ ਤੇ ਵਾਂਗ ਦੋਵੇਂ ਸਰਹੱਦੀ ਗੱਲਬਾਤ ਲਈ ਵਿਸ਼ੇਸ਼ ਪ੍ਰਤੀਨਿਧੀ ਹਨ, ਜੋ ਕਿ 2003 ਵਿਚ 3,488 ਕਿਲੋਮੀਟਰ ਲੰਬੀ ਭਾਰਤ–ਚੀਨ ਸਰਹੱਦ ’ਤੇ ਵਿਵਾਦ ਨੂੰ ਵਿਆਪਕ ਤੌਰ ’ਤੇ ਹੱਲ ਕਰਨ ਲਈ ਸਥਾਪਤ ਇਕ ਵਿਧੀ ਹੈ। ਸੋਮਵਾਰ ਨੂੰ ਦੋ ਦਿਨਾਂ ਦੌਰੇ ’ਤੇ ਬੀਜਿੰਗ ਪਹੁੰਚੇ ਡੋਭਾਲ ਨੇ ਚੀਨੀ ਉਪ ਰਾਸ਼ਟਰਪਤੀ ਹਾਨ ਜ਼ੇਂਗ ਨਾਲ ਵੀ ਮੁਲਾਕਾਤ ਕੀਤੀ। ਭਾਰਤੀ ਦੂਤਘਰ ਨੇ ‘ਐਕਸ’ ਉਤੇ ਇਕ ਪੋਸਟ ਵਿਚ ਕਿਹਾ ਕਿ ਡੋਭਾਲ ਅਤੇ ਚੀਨੀ ਉਪ ਰਾਸ਼ਟਰਪਤੀ ਹਾਨ ਜ਼ੇਂਗ ਵਿਚਕਾਰ ਗੱਲਬਾਤ ਦੌਰਾਨ ਬਣੀ ਸਹਿਮਤੀ ਅਨੁਸਾਰ, ਸਰਹੱਦੀ ਖੇਤਰਾਂ ਵਿਚ ਸ਼ਾਂਤੀ ਅਤੇ ਸਥਿਰਤਾ ਨੂੰ ਮਜ਼ਬੂਤ ਕਰਨ ਅਤੇ ਆਰਥਕ, ਰਾਜਨੀਤਕ ਅਤੇ ਬਹੁਪੱਖੀ ਖੇਤਰਾਂ ਵਿਚ ਦੁਵੱਲੇ ਸਬੰਧਾਂ ਨੂੰ ਹੋਰ ਵਧਾਉਣ ਦੇ ਉਪਾਵਾਂ ’ਤੇ ਚਰਚਾ ਕੀਤੀ ਗਈ। ਡੋਭਾਲ ਨਾਲ ਅਪਣੀ ਮੁਲਾਕਾਤ ਦੌਰਾਨ, ਜ਼ੇਂਗ ਨੇ ਕਿਹਾ ਕਿ ਚੀਨ ਅਤੇ ਭਾਰਤ ਨੂੰ ਅਪਣੇ ਦੁਵੱਲੇ ਸਬੰਧਾਂ ਨੂੰ ਰਣਨੀਤਕ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ ਅਤੇ ਪ੍ਰਬੰਧਨ ਕਰਨਾ ਚਾਹੀਦਾ ਹੈ। ਦੋਵਾਂ ਦੇਸ਼ਾਂ ਨੂੰ ਅਪਣੇ ਨੇਤਾਵਾਂ ਵਿਚਕਾਰ ਹੋਈ ਮਹੱਤਵਪੂਰਨ ਸਹਿਮਤੀ ਨੂੰ ਲਾਗੂ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਸਰਕਾਰੀ ਨਿਊਜ਼ ਏਜੰਸੀ ਸ਼ਿਨਹੂਆ ਅਨੁਸਾਰ, ਜ਼ੇਂਗ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਰਣਨੀਤਕ ਆਪਸੀ ਵਿਸ਼ਵਾਸ ਵਧਾਉਣਾ ਚਾਹੀਦਾ ਹੈ, ਸਹਿਯੋਗ ਦੀ ਸੰਭਾਵਨਾ ਦਾ ਪੂਰੀ ਤਰ੍ਹਾਂ ਫਾਇਦਾ ਉਠਾਉਣਾ ਚਾਹੀਦਾ ਹੈ, ਬਹੁਪੱਖੀ ਫੋਰਮਾਂ ਵਿਚ ਨਜ਼ਦੀਕੀ ਤਾਲਮੇਲ ਬਣਾਈ ਰਖਣਾ ਚਾਹੀਦਾ ਹੈ ਅਤੇ ਮਤਭੇਦਾਂ ਨੂੰ ਸਹੀ ਢੰਗ ਨਾਲ ਹੱਲ ਕਰਨਾ ਚਾਹੀਦਾ ਹੈ, ਜੋ ਚੀਨ–ਭਾਰਤ ਸਬੰਧਾਂ ਦੇ ਨਿਰੰਤਰ ਅਤੇ ਸਥਿਰ ਵਿਕਾਸ ਨੂੰ ਉਤਸ਼ਾਹਤ ਕਰੇਗਾ। **(ਏਜੰਸੀ)**

ਜੈਸ਼ੰਕਰ ਨੇ ਰੂਸੀ ਹਮਰੁਤਬਾ ਨਾਲ ਦੁਵੱਲੇ ਮੁੱਦਿਆਂ ’ਤੇ ਕੀਤੀ ਚਰਚਾ

ਮਾਸਕੋ, 25 ਅਗੱਸਤ : ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਅਪਣੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਨਾਲ ਦੁਵੱਲੇ ਸਹਿਯੋਗ, ਆਲਮੀ ਚੁਣੌਤੀਆਂ ਤੇ ਬਹੁਪੱਖੀ ਮੁੱਦਿਆਂ ’ਤੇ ਚਰਚਾ ਕੀਤੀ। ਸਰਕਾਰੀ ਖ਼ਬਰ ਏਜੰਸੀ ‘ਤਾਸ’ ਨੇ ਰੂਸੀ ਵਿਦੇਸ਼ ਮੰਤਰਾਲੇ ਦੇ ਹਵਾਲੇ ਨਾਲ ਕਿਹਾ ਕਿ ਦੋਵਾਂ ਵਿਦੇਸ਼ ਮੰਤਰੀਆਂ ਨੇ ਯੂਕਰੇਨ, ਇਰਾਨ ਅਤੇ ਅਫ਼ਗ਼ਾਨਿਸਤਾਨ ਦੀ ਮੌਜੂਦਾ ਸਥਿਤੀ ’ਤੇ ਵੀ ਚਰਚਾ ਕੀਤੀ। ਜੈਸ਼ੰਕਰ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਇਕ ਪੋਸਟ ਵਿਚ ਕਿਹਾ, “ਅੱਜ ਮੇਰੀ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਵਿਆਪਕ ਗੱਲਬਾਤ ਹੋਈ। ਅਸੀਂ ਦੁਵੱਲੇ ਸਹਿਯੋਗ, ਖੇਤਰੀ ਸੰਵੇਦਨਸ਼ੀਲ ਮੁੱਦਿਆਂ, ਵਿਸ਼ਵਵਿਆਪੀ ਚੁਣੌਤੀਆਂ ਤੇ ਬਹੁਪੱਖੀ ਮੁੱਦਿਆਂ ’ਤੇ ਚਰਚਾ ਕੀਤੀ।” ਜੈਸ਼ੰਕਰ ਐਤਵਾਰ ਨੂੰ ਰੂਸ ਦੇ ਦੋ ਦਿਨਾਂ ਦੌਰੇ ’ਤੇ ਮਾਸਕੋ ਪਹੁੰਚੇ। ਇਹ ਦੌਰਾ ਅਜਿਹੇ ਸਮੇਂ ਹੋਇਆ ਹੈ ਜਦੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ 12–13 ਸਤੰਬਰ ਨੂੰ ਨਵੀਂ ਦਿੱਲੀ ਵਿਚ ਬ੍ਰਿਕਸ ਨੇਤਾਵਾਂ ਦੇ ਸੰਮੇਲਨ ਵਿਚ ਸ਼ਾਮਲ ਹੋਣ ਲਈ ਭਾਰਤ ਆਉਣ ਦੀ ਉਮੀਦ ਹੈ। ‘ਤਾਸ’ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ, “ਦੋਵਾਂ ਚੋਟੀ ਦੇ ਡਿਪਲੋਮੈਟਾਂ ਵਿਚਕਾਰ ਗੱਲਬਾਤ ਅੰਤਰਰਾਸ਼ਟਰੀ ਏਜੰਡੇ ’ਤੇ ਮੌਜੂਦਾ ਮੁੱਦਿਆਂ ’ਤੇ ਕੇਂਦ੍ਰਤ ਸੀ। ਖ਼ਾਸ ਤੌਰ ’ਤੇ, ਦੋਵਾਂ ਧਿਰਾਂ ਨੇ ਅਫ਼ਗ਼ਾਨਿਸਤਾਨ, ਇਰਾਨ ਅਤੇ ਯੂਕਰੇਨ ਦੀ ਸਥਿਤੀ ’ਤੇ ਅਪਣਾ ਰੁਖ਼ ਸਾਂਝਾ ਕੀਤਾ। ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ, ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ), ਬ੍ਰਿਕਸ ਅਤੇ ਜੀ–20 ਅੰਦਰ ਨਜ਼ਦੀਕੀ ਤਾਲਮੇਲ ਜਾਰੀ ਰੱਖਣ ਲਈ ਅਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ।” **(ਏਜੰਸੀ)**

ਪਾਕਿਸਤਾਨ-ਇਰਾਨ ਨੇ ਹੋਰਮੁਜ਼ ਤੇ ਪਛਮੀ ਏਸ਼ੀਆ ’ਚ ਤਣਾਅ ਰੋਕਣ ਉਤੇ ਚਰਚਾ ਕੀਤੀ

ਇਸਲਾਮਾਬਾਦ, 25 ਅਗੱਸਤ : ਪਾਕਿਸਤਾਨੀ ਫ਼ੌਜ ਦੇ ਚੀਫ਼ ਫ਼ੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਤਹਿਰਾਨ ਵਿਖੇ ਇਰਾਨੀ ਲੀਡਰਸ਼ਿਪ ਨਾਲ ਉੱਚ–ਪਧਰੀ ਮੁਲਾਕਾਤ ਕੀਤੀ। ਇਸ ਦੌਰੇ ਦਾ ਮੁੱਖ ਉਦੇਸ਼ ਅਮਰੀਕਾ–ਇਰਾਨ ਜੰਗ ਦੇ ਤਣਾਅ ਨੂੰ ਘਟਾਉਣਾ ਅਤੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਮਾਰਗ ‘ਹੋਰਮੁਜ਼’ ਨੂੰ ਦੁਬਾਰਾ ਖੋਲ੍ਹਣਾ ਹੈ। ਪਾਕਿਸਤਾਨੀ ਵਫ਼ਦ ਨੇ ਇਰਾਨੀ ਰਾਸ਼ਟਰਪਤੀ ਮਸੂਦ ਪਜ਼ੇਸ਼ਕੀਅਨ, ਵਿਦੇਸ਼ ਮੰਤਰੀ ਸੱਯਦ ਅੱਬਾਸ ਅਰਾਘਚੀ, ਸੰਸਦ ਦੇ ਸਪੀਕਰ ਮੁਹੰਮਦ ਬਾਗ਼ੇਰ ਗਾਲੀਬਾਫ਼ ਅਤੇ ਗ੍ਰਹਿ ਮੰਤਰੀ ਇਸਕੰਦਰ ਮੋਮੇਨੀ ਨਾਲ ਅਹਿਮ ਬੈਠਕਾਂ ਕੀਤੀਆਂ। ਪਾਕਿਸਤਾਨ, ਜੋ ਕਿ ਇਸ ਮੁੱਦੇ ’ਚ ਅਮਰੀਕਾ–ਇਰਾਨ ਵਿਚਾਲੇ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਹੈ, ਹੁਣ ਰੁਕੀ ਹੋਈ ਸ਼ਾਂਤੀ ਵਾਰਤਾ ਨੂੰ ਮੁੜ ਲੀਹ ’ਤੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਪ੍ਰੈਲ ’ਚ ਹੋਏ ਗੋਲੀਬੰਦੀ ਦੇ ਸਮਝੌਤੇ ਤੋਂ ਬਾਅਦ ਹਾਲ ਹੀ ’ਚ ਦੋਵਾਂ ਦੇਸ਼ਾਂ ਵਿਚਾਲੇ ਹਮਲੇ ਦੁਬਾਰਾ ਸ਼ੁਰੂ ਹੋ ਗਏ ਹਨ, ਜਿਸ ਕਾਰਨ ਤੇਲ–ਗੈਸ ਸਪਲਾਈ ਦੀ ਰੁਕਾਵਟ ਕਾਰਨ ਕੀਮਤਾਂ ਮੁੜ ਤੇਜ਼ ਹੋ ਗਈਆਂ ਹਨ। ਪਾਕਿਸਤਾਨੀ ਅਧਿਕਾਰੀਆਂ ਦਾ ਇਰਾਨ ਦੌਰਾ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੇ ਇਰਾਨ ’ਤੇ ਨਵੀਆਂ ਆਰਥਕ ਪਾਬੰਦੀਆਂ ਲਗਾਈਆਂ ਹਨ ਅਤੇ ਇਰਾਨ ਦੀ ਮਦਦ ਕਰਨ ਵਾਲੇ ਦੇਸ਼ਾਂ ਨੂੰ ਆਰਥਕ ਨਤੀਜੇ ਭੁਗਤਣ ਦੀ ਚਿਤਾਵਨੀ ਦਿਤੀ ਹੈ, ਜਦਕਿ ਇਰਾਨੀ ਲੀਡਰਸ਼ਿਪ ਨੇ ਖੇਤਰ ’ਚ ਸ਼ਾਂਤੀ ਅਤੇ ਤਣਾਅ ਘਟਾਉਣ ਲਈ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਵਲੋਂ ਨਿਭਾਈ ਜਾ ਰਹੀ ਵਿਚੋਲਗੀ ਦੀ ਸ਼ਲਾਘਾ ਕੀਤੀ ਹੈ। ਜ਼ਿਕਰਯੋਗ ਹੈ ਕਿ ਇਰਾਨ ਤੇ ਓਮਾਨ ਵਿਚਕਾਰ ਸਥਿਤ ਇਹ 55 ਕਿਲੋਮੀਟਰ ਚੌੜੇ ਸਮੁੰਦਰੀ ਰਸਤੇ ਵਿਚੋਂ ਪੂਰੀ ਦੁਨੀਆ ਦਾ ਕੁੱਲ 20 ਫ਼ੀ ਸਦੀ ਤੇਲ ਲੰਘਦਾ ਹੈ। ਹੁਣ ਜਦੋਂ ਪਾਕਿਸਤਾਨ ਸਣੇ ਦੁਨੀਆ ਦੇ ਕਈ ਦੇਸ਼ਾਂ ’ਚ ਤੇਲ–ਗੈਸ ਦੀ ਸਪਲਾਈ ਪ੍ਰਭਾਵਤ ਹੋਣ ਕਾਰਨ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ ਤਾਂ ਪਾਕਿਸਤਾਨ ਇਰਾਨ ਅੱਗੇ ਹੋਰਮੁਜ਼ ਤੋਂ ਜਹਾਜ਼ਾਂ ਦੀ ਆਵਾਜਾਈ ਨੂੰ ਇਜਾਜ਼ਤ ਦੇਣ ਦੀ ਮੰਗ ਰੱਖ ਸਕਦਾ ਹੈ। **(ਏਜੰਸੀ)**

ਕੈਨੇਡਾ ਨੇ ਅਮਰੀਕਾ ਉਤੇ 50 ਫ਼ੀ ਸਦੀ ਜਵਾਬੀ ਟੈਰਿਫ਼ ਲਗਾਇਆ

ਕੈਨੇਡਾ, 25 ਅਗੱਸਤ : ਅਮਰੀਕਾ ਦੀ ਟੈਰਿਫ ਨੀਤੀ ਦੇ ਜਵਾਬ ਵਿਚ, ਕੈਨੇਡਾ ਨੇ 700 ਤੋਂ ਵੱਧ ਅਮਰੀਕੀ ਉਤਪਾਦਾਂ ’ਤੇ ਵਾਧੂ ਆਯਾਤ ਟੈਰਿਫ਼ ਲਗਾਉਣ ਦਾ ਫ਼ੈਸਲਾ ਕੀਤਾ ਹੈ। ਨਵੀਂ ਪ੍ਰਣਾਲੀ ਦੇ ਤਹਿਤ, 15 ਤੋਂ 50 ਫ਼ੀ ਸਦੀ ਤਕ ਟੈਰਿਫ਼ ਵੱਖ–ਵੱਖ ਸ਼੍ਰੇਣੀਆਂ ਦੇ ਸਮਾਨ ’ਤੇ ਲਾਗੂ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਵਾਧੂ ਮਾਲੀਆ ਪੈਦਾ ਕਰਨ ਦਾ ਉਦੇਸ਼ ਨਹੀਂ ਹੈ, ਸਗੋਂ ਘਰੇਲੂ ਉਦਯੋਗਾਂ ਨੂੰ ਅਮਰੀਕੀ ਆਯਾਤ ਦੇ ਦਬਾਅ ਤੋਂ ਬਚਾਉਣਾ ਹੈ। ਕੈਨੇਡਾ ਦੇ ਅਧਿਕਾਰੀਆਂ ਅਨੁਸਾਰ, ਨਵੇਂ ਟੈਰਿਫ 8 ਸਤੰਬਰ ਤੋਂ ਲਾਗੂ ਹੋਣਗੇ। ਅਮਰੀਕੀ ਸਟੀਲ, ਡੇਅਰੀ ਉਤਪਾਦਾਂ, ਘਰੇਲੂ ਉਪਕਰਨਾਂ, ਖੇਤੀਬਾੜੀ ਉਪਕਰਨਾਂ, ਕਾਗਜ਼ ਅਤੇ ਇਲੈਕਟਰਾਨਿਕਸ ’ਤੇ 15, 25 ਅਤੇ 50 ਫ਼ੀ ਸਦੀ ਦੇ ਟੈਰਿਫ਼ ਲਗਾਏ ਜਾਣਗੇ। ਟੈਰਿਫ਼ ਹਰ ਉਤਪਾਦ ’ਤੇ ਅਮਰੀਕਾ ਦੁਆਰਾ ਲਗਾਏ ਗਏ ਟੈਰਿਫ਼ ਦੇ ਬਰਾਬਰ ਹੋਣਗੇ। ਅਧਿਕਾਰੀਆਂ ਨੇ ਦਸਿਆ ਕਿ ਇਹ ਟੈਰਿਫ਼ ਮਾਲੀਆ ਵਧਾਉਣ ਲਈ ਨਹੀਂ ਹਨ, ਸਗੋਂ ਕੈਨੇਡੀਅਨ ਕੰਪਨੀਆਂ ਦੀ ਰਖਿਆ ਕਰਨ ਅਤੇ ਅਮਰੀਕੀ ਆਯਾਤ ਨੂੰ ਘਟਾਉਣ ਲਈ ਹਨ। 50 ਫ਼ੀ ਸਦੀ ਟੈਰਿਫ਼ ਕੁਝ ਐਲੂਮੀਨੀਅਮ ਉਤਪਾਦਾਂ, ਫ਼ਰਨੀਚਰ ਤੇ ਕਪੜਿਆਂ ਨੂੰ ਵੀ ਕਵਰ ਕਰਦਾ ਹੈ। ਇਸ ਦੌਰਾਨ, ਘਰੇਲੂ ਉਪਕਰਨ, ਪਨੀਰ, ਮੱਛੀ ਅਤੇ ਸਮੁੰਦਰੀ ਭੋਜਨ ਸਮੇਤ ਡੇਅਰੀ ਉਤਪਾਦ ਅਤੇ ਕੁਝ ਸਟੀਲ ਅਤੇ ਐਲੂਮੀਨੀਅਮ ਉਤਪਾਦ 25 ਫ਼ੀ ਸਦੀ ਟੈਰਿਫ਼ ਦੇ ਅਧੀਨ ਹੋਣਗੇ। ਅਮਰੀਕੀ ਵਾਹਨਾਂ ’ਤੇ ਕੈਨੇਡਾ ਦੇ ਜਵਾਬੀ ਟੈਰਿਫ਼ ਲਾਗੂ ਰਹਿਣਗੇ। ਕੈਨੇਡਾ ਨੇ ਅਮਰੀਕੀ ਟੈਰਿਫ਼ ਨਾਲ ਮੇਲ ਖਾਂਦੇ ਟੈਰਿਫ਼ ਲਗਾਉਣ ਦਾ ਫ਼ੈਸਲਾ ਕੀਤਾ ਹੈ। **(ਏਜੰਸੀ)**

PhoenixARC
ਫੋਨਿਕਸ ਏਆਰਸੀ ਲਿਮਟਿਡ (ਪਹਿਲਾਂ ਫੋਨਿਕਸ ਏਆਰਸੀ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ)
ਰਜਿ. ਦਫ਼ਤਰ : ਤੀਜੀ ਮੰਜ਼ਿਲ, ਵਾਲਏਸ ਟਾਵਰਜ਼, 139/140/ਬੀ/1, ਕ੍ਰਾਸਿੰਗ ਆਫ਼ ਸਾਹਰ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ, ਵਿਲੇ ਪਾਰਲੇ (ਈਸਟ), ਮੁੰਬਈ-400057, ਟੈਲੀ : 022-6849 2450, ਫੈਕਸ : 022-6741 2313
CIN : U67190MH2007PLC168303, Email : info@phoenixarc.co.in & website : www.phoenixarc.co.in

ਕਬਜ਼ਾ ਨੋਟਿਸ

ਜਦੋਂ ਕਿ, ਆਈਆਈਐਫ਼ਐਲ-ਐਚਐਫ਼ਐਲ ਨੇ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ, 2002 (54 ਆਫ 2002) (‘ਉਕਤ ਐਕਟ’) ਦੀਆਂ ਧਾਰਾਵਾਂ ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 (‘ਉਕਤ ਰੂਲਜ਼’) ਦੇ ਰੂਲ 3 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਰਜ਼ਦਾਰ/ਸਹਿ ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਨੂੰ ਹੇਠ ਟੇਬਲ ਵਿਚ ਦਰਸਾਏ ਅਨੁਸਾਰ ਰਕਮ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ। ਅਤੇ ਜਿਵੇਂ ਕਿ ਇਸ ਤੋਂ ਬਾਅਦ ਆਈਆਈਐਫ਼ਐਲ-ਐਚਐਫ਼ਐਲ ਨੇ 29-ਦਸੰਬਰ-2025 ਨੂੰ ਜਾਰੀ ਕੀਤੇ ਗਏ ਅਸਾਈਨਮੈਂਟ ਸਮਝੌਤੇ ਦੇ ਤਹਿਤ, ਆਈਆਈਐਫ਼ਐਲ-ਐਚਐਫ਼ਐਲ ਦੁਆਰਾ ਦਿੱਤੀਆਂ ਗਈਆਂ ਸਹੂਲਤਾਂ ਤੋਂ ਪੈਦਾ ਹੋਣ ਵਾਲੇ ਕਰਜ਼ਿਆਂ ਦੇ ਸੰਬੰਧ ਵਿੱਚ, ਬੈਂਕ ਨੇ ਕਰਜ਼ਦਾਰ/ਸਹਿ ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਦੁਆਰਾ ਬਕਾਇਆ ਅਤੇ ਭੁਗਤਾਨਯੋਗ ਕਰਜ਼ਿਆਂ ਦੇ ਸੰਬੰਧ ਵਿੱਚ ਆਪਣੇ ਸਾਰੇ ਅਧਿਕਾਰ, ਸਿਰਲੇਖ, ਵਿਆਜ ਅਤੇ ਲਾਭ ਸੌਂਪ ਦਿੱਤੇ ਹਨ, ਬੈਂਕ ਨੇ ਕਰਜ਼ਦਾਰ/ਗਰੰਟਰਾਂ ਨੂੰ ਅੰਡਰਲਾਈਂਗ ਅਚੱਲ ਜਾਇਦਾਦ ਦੇ ਨਾਲ ਫੀਨਿਕਸ ਆਰਕ ਲਿਮਟਿਡ (ਪਹਿਲਾਂ ‘ਫੀਨਿਕਸ ਏਆਰਸੀ ਪ੍ਰਾਈਵੇਟ ਲਿਮਟਿਡ’ ਵਜੋਂ ਜਾਣਿਆ ਜਾਂਦਾ ਸੀ) ਨੂੰ ਫੀਨਿਕਸ ਟਰੱਸਟ ਦੇ ਟਰੱਸਟੀ-ਵਿੱਤੀ ਸਾਲ 26-14 (‘ਫੀਨਿਕਸ’) ਵਜੋਂ ਆਪਣੀ ਸਮਰੱਥਾ ਵਿੱਚ ਕੰਮ ਕਰਦੇ ਹੋਏ ਸੁਰੱਖਿਆ ਰਸੀਦਾਂ ਦੇ ਧਾਰਕਾਂ ਦੇ ਲਾਭ ਲਈ ਇਸ ਲਈ, ਉਕਤ ਅਸਾਈਨਮੈਂਟ ਦੇ ਮੱਦੇਨਜ਼ਰ, ਫੀਨਿਕਸ ਹੁਣ IIFL-HFL ਦੀ ਥਾਂ ’ਤੇ ਹੈ ਅਤੇ ਫੀਨਿਕਸ ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਦੇ ਵਿਰੁੱਧ ਸਾਰੀਆਂ ਅਤੇ ਕਿਸੇ ਵੀ ਕਾਰਵਾਈਆਂ ਨੂੰ ਸ਼ੁਰੂ/ਜਾਰੀ ਰੱਖਣ ਅਤੇ ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਦੁਆਰਾ ਪ੍ਰਾਪਤ ਵਿੱਤੀ ਸਹੂਲਤਾਂ ਲਈ ਲਾਗੂ ਕੀਤੇ ਅਤੇ ਬਣਾਏ ਗਏ ਗਰੰਟੀ ਅਤੇ ਸੁਰੱਖਿਆ ਹਿੱਤਾਂ ਨੂੰ ਲਾਗੂ ਕਰਨ ਸਮੇਤ ਵਿੱਤੀ ਦਸਤਾਵੇਜ਼ਾਂ ਦੇ ਤਹਿਤ ਅਧਿਕਾਰਾਂ ਅਤੇ ਲਾਭਾਂ ਨੂੰ ਲਾਗੂ ਕਰਨ ਦਾ ਹੱਕਦਾਰ ਹੋਵੇਗਾ।
ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਉਕਤ ਰਕਮਾਂ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿਣ ਕਰਕੇ, ਕਰਜ਼ਦਾਰ, ਗਰੰਟਰਾਂ, ਗਿਰਵੀਕਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਫੀਨਿਕਸ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਹੇਠਾਂ ਦੱਸੀ ਗਈ ਮਿਤੀ ਨੂੰ ‘ਜਿਵੇਂ ਹੈ, ਜਿੱਥੇ ਹੈ ਅਤੇ ਜੋ ਵੀ ਹੈ, ਦੇ ਆਧਾਰ ’ਤੇ’ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਅਧੀਨ ਉਸਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਅੰਡਰਲਾਈਂਗ ਅਚੱਲ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ ਕਰਜ਼ਦਾਰਾਂ ਦਾ ਨਾਮ/ਗਰੰਟਰਜ਼ ਦਾ ਨਾਮ ਐਲਏਐਨ ਨੰਬਰਜ਼	ਸਕਿਓਰਡ ਐਸਟਸ (ਅਚੱਲ ਜਾਇਦਾਦ) ਦਾ ਵੇਰਵਾ	ਕੁਲ ਖੜ੍ਹਾ ਬਕਾਇਆ (ਰੁ. ’ਚ)	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ
ਸ੍ਰੀ ਖੁਸ਼ੀ ਰਾਮ ਪੁੱਤਰ ਰੋਸ਼ਨ ਲਾਲ, ਸ੍ਰੀਮਤੀ ਮਨਜੀਤ ਕੌਰ ਪੁੱਤਰੀ ਸਦਕ, ਪਤਨੀ ਖੁਸ਼ੀ ਰਾਮ, ਖੁਸ਼ੀ ਰਾਮ ਮਕੈਨਿਕ ਵਰਕਸ (ਲੋਨ ਖਾਤਾ ਨੰ. : IL10546552)	ਗਿਰਵੀ ਜਾਇਦਾਦ ਦੇ ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਮਕਾਨ ਨੰ. 18, ਜਾਇਦਾਦ ਵਿੱਚ ਸ਼ਾਮਲ ਅਧੀਨ ਖਸਰਾ ਨੰ.68//1/3(1-0) 2/2(2-1) 10(8- 0) 11(8- 0) 12/1(1-8) 12/2(1-6) 19/2/1(3-14) ਅਤੇ 69//6/2(0-6) 83//8(1-11) 362(0-6) 363(0-4) 364(0-5) ਖੇਵਟ ਅਤੇ ਖਾਤਾ ਨੰ. 1745 ਸਥਿਤ ਹੈ ਫਿਰੋਜ਼ਪੁਰ ਸ਼ਹਿਰ, ਪੰਜਾਬ, ਭਾਰਤ 152002, ਰਕਬਾ ਮਿਣਤੀ (ਵ. ਫੁੱਟ ’ਚ), ਜਾਇਦਾਦ ਦੀ ਕਿਸਮ: ਜ਼ਮੀਨ ਏਰੀਆ, ਬਿਲਟ ਅਪ ਏਰੀਆ, ਕਾਰਪੇਟ ਏਰੀਆ, ਰਕਬਾ ਮਿਣਤੀ: 900, 910,819	ਰੁ. 1713127/- (ਸਤਾਰਾਂ ਲੱਖ ਤੇਰਾਂ ਹਜ਼ਾਰ ਇਕ ਸੌ ਸਤਾਈ ਰੁ. ਸਿਰਫ਼)	15/10/2025	22/08/2026

ਕਰਜ਼ਦਾਰ(ਾਂ)/ਗਰੰਟਰ(ਾਂ)/ਗਿਰਵੀਕਾਰ(ਾਂ) ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉੱਪਰ ਦੱਸੀ ਗਈ ਅਚੱਲ ਜਾਇਦਾਦ ਫੋਨਿਕਸ ਕੋਲ ਕਾਨੂੰਨੀ ਕਬਜ਼ੇ ਵਿੱਚ ਹੈ ਅਤੇ ਸਰਫਾਇਸੀ ਐਕਟ, 2002 ਦੀ ਧਾਰਾ 13(13) ਦੇ ਤਹਿਤ, ਕਰਜ਼ਦਾਰ(ਾਂ)/ ਗਰੰਟਰ(ਾਂ)/ਗਿਰਵੀਕਾਰ(ਾਂ) ਜਾਂ ਕੋਈ ਵੀ ਵਿਅਕਤੀ, ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, ਫੋਨਿਕਸ ਦੀ ਅਗਾਊਂ ਲਿਖਤੀ ਸਹਿਮਤੀ ਤੋਂ ਬਿਨਾਂ, ਅਚੱਲ ਜਾਇਦਾਦ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ/ਅਲੱਗ ਨਹੀਂ ਕਰੇਗਾ ਅਤੇ ਅਚੱਲ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਉਪਰੋਕਤ ਰਕਮ ’ਤੇ ਇਕਰਾਰਨਾਮੇ ਦੀ ਦਰ ’ਤੇ ਭਵਿੱਖ ਦੇ ਵਿਆਜ ਦੇ ਨਾਲ-ਨਾਲ ਅਕਾਸਮਿਕ ਖਰਚੇ, ਲਾਗਤ, ਖਰਚੇ ਆਦਿ ਦੇ ਅਧੀਨ ਹੋਵੇਗਾ। ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਸਥਾਨ : ਜਲੰਧਰ, ਮਿਤੀ : 26.08.2026
ਸਹੀ/- ਅਧਿਕਾਰਤ ਅਫ਼ਸਰ, ਫੋਨਿਕਸ ਏਆਰਸੀ ਲਿਮਟਿਡ (ਟਰੱਸਟੀ ਦੀ ਸਮਰੱਥਾ ਵਜੋਂ)

CREDIT SAISON INDIA
ਰਜਿਸਟਰਡ ਪਤਾ : Kisetsu Saison Finance (India)Private Limited, IndiQube Lexington ਟਾਵਰ, ਪਹਿਲੀ ਮੰਜ਼ਿਲ, ਤਾਵਾਰੀਕੀਰੀ ਮੇਨ ਰੋਡ, ਐਸ.ਜੀ. ਪਾਲੀਆ, ਬੰਗਲੂਰੂ, ਕਰਨਾਟਕਾ 560029, ਬਰਾਂਚ ਦਫਤਰ : ਸਥਿਤ ਹੈ 9ਵੀਂ ਮੰਜ਼ਿਲ, ਕੰਚਨਜੁੰਗਾ ਬਿਲਡਿੰਗ, 18, ਬਾਰਾਖੰਬਾਂ ਰੋਡ, ਫਾਇਰ ਬ੍ਰਿਗੇਡ ਲੇਨ, ਨਵੀਂ ਦਿੱਲੀ, ਦਿੱਲੀ 110001
ਡਿਮਾਂਡ ਨੋਟਿਸ

ਸਰਫਾਇਸੀ ਐਕਟ, 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ

ਜਿਵੇਂਕਿ ਹੇਠ ਦਰਸਾਏ ਕਰਜ਼ਦਾਰਾਂ/ਸਹਿ ਕਰਜ਼ਦਾਰਾਂ, ਗਰੰਟਰਾਂ ਅਤੇ ਗਿਰਵੀਕਾਰਾਂ ਨੇ Kisetsu Saison Finance (India)Private Limited ਤੋਂ ਆਪਣੀਆਂ ਜਾਇਦਾਦਾਂ ਗਿਰਵੀ ਰੱਖ ਕੇ ਲੋਨ ਪ੍ਰਾਪਤ ਕੀਤਾ, ਤੁਹਾਡੇ ਸਾਰਿਆਂ ਵਲੋਂ ਡਿਫਾਲਟ ਹੋਣ ਦੇ ਨਤੀਜੇ ਵਜੋਂ ਤੁਹਾਡਾ ਲੋਨ ਖਾਤਾ ਨਾਨ ਪ੍ਰਫਾਰਮਿੰਗ ਐਸਟਸ ਐਲਾਨ ਦਿੱਤਾ ਗਿਆ ਹੈ। ਜਿਵੇਂਕਿ Kisetsu Saison Finance (India)Private Limited ਨੇ ਇਕ ਸਕਿਓਰਡ ਕ੍ਰੈਡੀਟਰ ਹੋਣ ਦੇ ਨਾਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 2 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(2) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਸਹਿ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਨੋਟਿਸ ਦੇ ਕਾਲਮ ਨੰ. 3 ਵਿਚ ਦਰਸਾਈ ਰਕਮ ਸਮੇਤ ਭਵਿੱਖੀ ਵਿਆਜ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਕਿਹਾ ਸੀ, ਪ੍ਰੰਤੂ ਵੱਖ–ਵੱਖ ਕਾਰਨਾਂ ਕਰਕੇ ਉਨ੍ਹਾਂ ਨੂੰ ਨੋਟਿਸ ਦਿੱਤਾ ਨਹੀਂ ਜਾ ਸਕਿਆ।

ਲੜੀ ਨੰ:	ਕਰਜ਼ਦਾਰ, ਸਹਿ ਕਰਜ਼ਦਾਰ/ਗਰੰਟਰ ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ, ਐਨਪੀਏ ਦੀ ਮਿਤੀ ਅਤੇ ਰਕਮ	ਸਕਿਉਰਡ ਅਸਾਸਿਆਂ/ਅਚੱਲ ਜਾਇਦਾਦ(ਦਾਂ) ਦਾ ਵੇਰਵਾ
1	1. ਗੋਪਾਲ ਰਿਫਰੈਸ਼ਮੈਂਟ ਪੁਆਇੰਟ, ਜਿਸ ਦਾ ਪਤਾ : ਬੀ-34-2200 306 15 ਸੰਧੂ ਨਗਰ ਨੇੜੇ ਆਈਪੀਐਸ ਸਕੂਲ ਸਿਵਲ ਸਿਟੀ, ਚੰਦਰ ਨਗਰ, ਲੁਧਿਆਣਾ, ਲੁਧਿਆਣਾ, ਲੁਧਿਆਣਾ, ਪੰਜਾਬ (141001) 2. ਗੋਪਾਲ ਝਾਅ ਜਿਸ ਦਾ ਪਤਾ ਹੈ : ਮਕਾਨ ਨੰ. 11/12 ਚੰਦਰ ਨਗਰ ਸਿਵਲ ਸਿਟੀ, ਸੰਧੂ ਨਗਰ ਇੰਟਰਨੈਸ਼ਨਲ ਸਕੂਲ ਲੁਧਿਆਣਾ, ਲੁਧਿਆਣਾ, ਪੰਜਾਬ (141001) 3. ਜਯੋਤੀ X ਜਿਸ ਦਾ ਪਤਾ ਹੈ : ਮਕਾਨ ਨੰ. 11/12 ਚੰਦਰ ਨਗਰ ਸਿਵਲ ਸਿਟੀ, ਸੰਧੂ ਨਗਰ ਇੰਟਰਨੈਸ਼ਨਲ ਸਕੂਲ ਲੁਧਿਆਣਾ, ਲੁਧਿਆਣਾ, ਪੰਜਾਬ (141001)	10.08.2026 ਅਤੇ ਰੁ. 1,61,87,816/- (ਇਕ ਕਰੋੜ ਇਕਾਹਟ ਲੱਖ ਸਤਾਸੀ ਹਜ਼ਾਰ ਅੱਠ ਸੌ ਸੋਲ੍ਹਾਂ ਰੁ. ਸਿਰਫ਼) 10.08.2026 ਨੂੰ ਐਨਪੀਏ ਦੀ ਮਿਤੀ : 01.08.2026	ਸ਼ਡਿਊਲ ਜਾਇਦਾਦ ਦੇ ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ, ਇਹ ਕਿ ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਖਸਰਾ ਨੰ. 5302/2713/663 5301/2713 /1154-1158/663, ਖਸਰਾ ਨੰ. 5317/1157, ਦੁਕਾਨ ਨੰ. 11-15, ਪਲਾਟ ਨੰ. 67, ਐਮਸੀ ਨੰ. ਬੀ34 2200 ਐਸਐਨ 67 ਏ, ਖਾਤਾ 2034/2403-2035, ਅਬਾਦੀ ਚੰਦਰ ਨਗਰ, ਵਾਕਿਆ ਤਰਫ਼ ਪੀਰੂਬੰਦਾ, ਲੁਧਿਆਣਾ, ਲੁਧਿਆਣਾ, ਲੁਧਿਆਣਾ, ਪੰਜਾਬ 141008 ਸਮੇਤ ਉੱਥੇ ਨੱਥੀ ਹੱਕ, ਖਲਾਸੀਆਂ ਅਤੇ ਪ੍ਰਵਾਨਗੀਆਂ ਮੌਜੂਦਾ ਅਤੇ ਭਵਿੱਖੀ, ਇਮਾਰਤਾਂ, ਢਾਂਚੇ, ਭਵਨ ਅਤੇ ਜਾਂ ਉੱਥੇ ਉਸਾਰੀਆਂ ਅਤੇ ਇਸ ਪਿਛੋਂ ਕੀਤਾ ਵਿਕਾਸ ਅਤੇ ਸਾਰੇ ਪਲਾਂਟ ਅਤੇ ਮਸ਼ੀਨਰੀ ਜੇ ਕੋਈ ਜਮੀਨ ਨਾਲ ਜੁੜੀ ਹੋਈ, ਜਾਂ ਜਮੀਨ ਨਾਲ ਪੱਕੇ ਤੌਰ ’ਤੇ ਬੰਨੀ ਹੋਈ, ਦੋਵੇਂ ਮੌਜੂਦਾ ਅਤੇ ਭਵਿੱਖੀ

ਇਸ ਲਈ ਕਾਲਮ ਨੰ. 2 ਵਿਚ ਦਰਸਾਏ ਕਰਜ਼ਦਾਰ/ਸਹਿ ਕਰਜਦਾਰ/ਗਰੰਟਰ ਅਤੇ ਗਿਰਵੀਕਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕ੍ਰਮਵਾਰ ਸਾਰੇ ਕਰਦਾਰ/ਸਹਿ ਕਰਜਦਾਰ ਦੇ ਵਿਰੁਧ ਕਾਲਮ ਨੰ. 3 ਵਿਚ ਦਰਸਾਈ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ 60 ਦਿਨਾਂ ਦੇ ਅੰਦਰ ਅੰਦਰ ਜਿਵੇਂ ਕਿ ਕਾਲਮ ਨੰ. 3 ਵਿਚ ਦਰਸਾਈ ਮਿਤੀ ਨੂੰ ਕ੍ਰਮਵਾਰ ਲੋਨ ਖਾਤੇ ਦੇ ਸੰਬੰਧ ਵਿਚ ਉਕਤ ਰਕਮ ਅਦਾਇਗੀ ਯੋਗ ਪਾਈ ਗਈ ਹੈ, ਦੀ ਅਦਾਇਗੀ ਕਰਨ ਲਈ ਉਨ੍ਹਾਂ ਨੂੰ ਕਿਹਾ ਜਾਂਦਾ ਹੈ। ਇਹ ਸਾਫ਼ ਕੀਤਾ ਜਾਂਦਾ ਹੈ ਕਿ ਜੇ ਕੁੱਲ ਰਕਮ ਸਮੇਤ ਭਵਿੱਖ ਵਿਆਜ ਅਤੇ ਹੋਰ ਰਕਮਾਂ ਜਿਹੜੀਆਂ ਅਦਾਇਗੀ ਦੀ ਮਿਤੀ ਤੱਕ ਅਦਾਇਗੀਯੋਗ ਹੋ ਗਈਆਂ ਹਨ, ਅਦਾ ਨਹੀਂ ਕੀਤੀਆਂ ਜਾਂਦੀਆਂ, Kisetsu Saison Finance (India)Private Limited ਕਾਲਮ ਨੰ. 4 ਵਿਚ ਦਰਸਾਈਆਂ ਜਾਇਦਾਦਾਂ ’ਤੇ ਸਕਿਓਰਿਟੀ ਹਿੱਤ ਪ੍ਰਾਪਤ ਕਰਨ ਲਈ ਅਗਲੀ ਕਾਰਵਾਈ ਸ਼ੁਰੂ ਕਰੇਗਾ। ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਕੋਲ ਅਜਿਹੇ ਅਧਿਕਾਰ ਅਤੇ ਇਲਾਜ ਉਪਲਬਧ ਉਹ ਉਕਤ ਵਿੱਤੀਕਾਰਾਂ ਕਰਜ਼ਦਾਰਾਂ/ਸਹਿ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਵਿਰੁਧ ਇਹ ਪ੍ਰਕਾਸ਼ਨਾ ਬਿਨਾਂ ਕਿਸੇ ਪੱਖਪਾਤ ਤੋਂ ਦਿੱਤੀ ਗਈ ਹੈ, ਤੁਹਾਨੂੰ ਅੱਗੇ ਉਕਤ ਐਕਟ ਦੇ ਸੈਕਸ਼ਨ 13(13) ਅਨੁਸਾਰ ਇਹ ਨੋਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਤੁਸੀਂ ਸਕਿਓਰਡ ਕ੍ਰੈਡੀਟਰ ਦੀ ਅਗਾਊਂ ਇਜਾਜ਼ਤ ਤੋਂ ਬਿਨਾਂ ਉਪਰੋਕਤ ਸਕਿਓਰਿਟੀ ਦਾ ਵਿਕਰੀ, ਲੀਜ਼ ਜਾਂ ਸਕਿਓਰਡ ਐਸਟਸ ਦਾ ਕਿਸੇ ਹੋਰ ਤਰੀਕੇ ਨਾਲ ਨਿਪਟਾਰਾ ਕਰਨ ਤੋਂ ਵਰਜਿਆ/ਰੋਕਿਆ ਜਾਂਦਾ ਹੈ।

ਸਥਾਨ : ਪੰਜਾਬ
ਮਿਤੀ : 26.08.2026
ਅਧਿਕਾਰਤ ਅਫ਼ਸਰ,
(Kisetsu Saison Finance (India) Private Limited

pnb Housing Finance Limited Ghar Ki Baat
ਅਪੈਂਡਿਕਸ IV-A ਅਚੱਲ ਜਾਇਦਾਦ/(ਦਾਂ) ਦੀ ਈ ਨਿਲਾਮੀ ਜਨਤਕ ਵਿਕਰੀ ਸੂਚਨਾ
ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਅਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ, 2002 ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ–ਨੀਲਾਮੀ ਵਿਕਰੀ ਸੂਚਨਾ
ਰਜਿ. ਦਫ਼ਤਰ : 9ਵੀਂ ਮੰਜ਼ਿਲ, ਅੰਤਰਿਕਸ਼ ਭਵਨ, 22, ਕੇ.ਜੀ. ਮਾਰਗ, ਨਵੀਂ ਦਿੱਲੀ-110001, ਫੋਨ : 011-23357171, 23357172, 23705414, ਵੈਬਸਾਈਟ :www.pnbhousing.com
ਬਰਾਂਚ ਦਫ਼ਤਰ ਚੰਡੀਗੜ੍ਹ : ਐਸਸੀਓ 9 ਅਤੇ 10, ਦੂਜੀ ਮੰਜ਼ਿਲ, ਸੈਕਟਰ 66ਏ, ਜੇਐਲਪੀਐਲ, ਪੰਜਾਬ-140306

ਆਮ ਜਨਤਾ ਅਤੇ ਖਾਸ ਤੌਰ ’ਤੇ ਕਾਲਮ ‘ਏ’ ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ ‘ਡੀ’ ਵਿਚ ਦਰਸਾਈਆਂ ਗਈਆਂ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਓਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ ‘ਜਿਵੇਂ ਹੈ, ਜੋ ਹੈ ਜਿਥੇ ਹੈ’ ਅਧਾਰ ’ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ ‘ਏ’ ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੋਧੇ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਬੰਜਟ/ਕੋਰਟ ਕੇਸ ਜੇ ਹੋਵੇ ਤਾਂ (K)
NHL/CHD/0517/389208, ਦੀਨੇਸ਼ ਕੁਮਾਰ ਜੈਨ ਅਤੇ ਸ੍ਰੀਮਤੀ ਕਮਲੇਸ਼ ਜੈਨ, ਸ੍ਰੀ ਵਰਧਾਮੈਨ ਜੈਨ, ਸ੍ਰੀਮਤੀ ਅਨੁਪਮਾ ਜੈਨ, ਸ੍ਰੀ ਨਰੇਸ਼ ਕੁਮਾਰ ਜੈਨ, ਸ੍ਰੀ ਪ੍ਰਿੰਸ ਜੈਨ, ਸ੍ਰੀ ਗੌਤਮ ਜੈਨ, ਵਿਸ਼ਾਲ ਰਾਈਸ ਐਕਸਪੋਰਟ ਪ੍ਰਾ. ਲਿਮ. ਅਤੇ ਜੇ ਜੇ ਫੂਡਜ, ਬਰਾਂਚ ਦਫ਼ਤਰ : ਚੰਡੀਗੜ੍ਹ	ਰੁ. 71,62,942.25/- 17.02.2020 ਨੂੰ ਬਕਾਇਆ	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ : ਮਕਾਨ ਨੰ. 350-ਬੀ (3) ਪੁਰਾਣਾ ਮਿਊਂਸਪਲ ਕਮੇਟੀ ਨੰਬਰ 112/15) ਵਾਰਡ ਨੰ. 15, ਰਕਬਾ ਜੱਟਾਂ ਪੱਤੀ ਜੈਨ ਮੁਹੱਲਾ, ਸਮਾਣਾ, ਜ਼ਿਲ੍ਹਾ ਪਟਿਆਲਾ, ਪੰਜਾਬ ਵਿਖੇ ਕੁਲ ਰਕਬਾ ਮਿਣਤੀ 411 ਵ.ਗਜ਼ ਟਰਾਂਸਫਰ ਡੀਡ ਮਿਤੀ 25.08.2014 ਅਨੁਸਾਰ ਵਸੀਕਾ ਨੰ. 1430 ਤਹਿਤ ਸ੍ਰੀਮਤੀ ਕਮਲੇਸ਼ ਪਤਨੀ ਸ੍ਰੀ ਦੀਨੇਸ਼ ਕੁਮਾਰ ਜੈਨ ਦੇ ਨਾਂ ’ਤੇ	ਰੁ. 74,50,000	ਰੁ. 7,45,000	28/09/2026	ਰੁ. 20,000	15-09-2026 ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30ਵਜੇ ਤੱਕ	29-09-2026 ਨੂੰ ਬਾ.ਦੁ. 02.00 ਵਜੇ ਤੋਂ ਬਾ.ਦੁ. 3.00 ਵਜੇ ਤੱਕ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਓਰਡ ਐਸੇਟਸ ’ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ ‘ਕੇ’ ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਭੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਭੰਜਟ ਬਾਰੇ ਖੁਦ ਤਸੱਲੀ ਕਰ ਲੈਣ। 1. ਉਪਰੋਕਤ ਅਚੱਲ ਜਾਇਦਾਦਾਂ/ਸਕਿਓਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ ’ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੋ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ ‘ਕੇ’ ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ ’ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ ’ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਓਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਸ੍ਰੀ ਤਰਸੇਮ ਕੁਮਾਰ ਨਾਲ 1800 120 8800, auction@pnbhousing.com, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਚੰਡੀਗੜ੍ਹ
ਮਿਤੀ : 26.08.2026
ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ